Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 150 | Friday, August 07, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕਾਊਂਸਲਰ ਢਿੱਲੋਂ ਨੂੰ ਤਿੰਨ ਮਹੀਨੇ ਲਈ ਕੀਤਾ ਗਿਆ ਸਸਪੈਂਡ



ਬਰੈਂਪਟਨ, 6 ਅਗਸਤ (ਪੋਸਟ ਬਿਊਰੋ) : ਬਰੈਂਪਟਨ ਦੇ ਕਾਊਂਸਲਰ ਗੁਰਪ੍ਰੀਤ ਢਿੱਲੋਂ ਉੱਤੇ ਨਵੰਬਰ 2019 ਵਿੱਚ ਤੁਰਕੀ ਦੇ ਦੌਰੇ ਦੌਰਾਨ ਇੱਕ ਮਹਿਲਾ ਦੇ ਕਥਿਤ ਤੌਰ ਉੱਤੇ ਕੀਤੇ ਗਏ ਜਿਨਸੀ ਸ਼ੋਸ਼ਣ ਦੇ ਸਬੰਧ ਵਿੱਚ ਇੰਟੇਗ੍ਰਿਟੀ ਕਮਿਸ਼ਨਰ ਦੀ ਰਿਪੋਰਟ ਆਉਣ ਤੋਂ ਬਾਅਦ ਬੁੱਧਵਾਰ ਨੂੰ ਹੋਈ ਕਾਊਂਸਲ ਦੀ ਮੀਟਿੰਗ ਵਿੱਚ ਇਹ ਮੁੱਦਾ ਮੁੜ ਵਿਚਾਰਿਆ ਗਿਆ ਤੇ ਇਸ ਸਬੰਧੀ ਵੋਟਿੰਗ ਕਰਵਾਈ ਗਈ। ਬਰੈਂਪਟਨ ਕਾਊਂਸਲ ਨੇ ਵਾਰਡ ਨੰਬਰ 9 ਤੇ 10 ਤੋਂ ਸਿਟੀ ਤੇ ਪੀਲ ਰੀਜਨਲ ਕਾਊਂਸਲਰ ਗੁਰਪ੍ਰੀਤ ਢਿੱਲੋਂ ਨੂੰ ਤਿੰਨ ਮਹੀਨਿਆਂ ਲਈ ਬਿਨਾਂ ਤਨਖਾਹ ਸਸਪੈਂਡ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਇੰਟੇਗ੍ਰਿਟੀ ਕਮਿਸ਼ਨਰ ਦੀਆਂ ਸਿਫਾਰਸ਼ਾਂ ਨੂੰ ਮੰਨਦਿਆਂ ਹੋਇਆਂ ਢਿੱਲੋਂ ਦੀ ਪਬਲਿਕ ਤੇ ਸਿਟੀ ਹਾਲ ਤੱਕ ਪਹੁੰਚ ਉੱਤੇ ਵੀ ਹਾਲ ਦੀ ਘੜੀ ਰੋਕ ਲਾ ਦਿੱਤੀ ਗਈ ਹੈ।

ਬਰੈਂਪਟਨ ਕਾਊਂਸਲ ਨੇ ਸਰਬਸੰਮਤੀ ਨਾਲ ਇੰਟੇਗ੍ਰਿਟੀ ਕਮਿਸ਼ਨਰ ਦੀਆਂ ਸਿਫਾਰਸ਼ਾਂ ਦਾ ਸਮਰਥਨ ਕੀਤਾ। ਢਿੱਲੋਂ ਇਸ ਮੀਟਿੰਗ ਵਿੱਚ ਮੌਜੂਦ ਨਹੀਂ ਸਨ। ਬਾਕੀ 10 ਕਾਊਂਸਲ ਮੈਂਬਰਾਂ ਨੇ ਇਨ੍ਹਾਂ ਸਾਰੀਆਂ ਸਿਫਾਰਸ਼ਾਂ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ। ਜ਼ਿਕਰਯੋਗ ਹੈ ਕਿ 2019 ਵਿੱਚ ਢਿੱਲੋਂ ਨਾਲ ਟਰੇਡ ਮਿਸ਼ਨ ਉੱਤੇ ਤੁਰਕੀ ਗਈ ਬਰੈਂਪਟਨ ਦੀ ਬਿਜ਼ਨਸ ਵੂਮਨ ਵੱਲੋਂ ਇਹ ਦੋਸ਼ ਲਾਏ ਗਏ ਸਨ ਜਿਨ੍ਹਾਂ ਦੀ ਜਾਂਚ ਇੰਟੇਗ੍ਰਿਟੀ ਕਮਿਸ਼ਨਰ ਮੁਨੀਜ਼ਾ ਸ਼ੇਖ ਨੇ ਕੀਤੀ। ਇਹ ਮਿਸ਼ਨ ਕੈਨੇਡਾ-ਤੁਰਕੀ ਬਿਜ਼ਨਸ ਕਾਊਂਸਲ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇਸ ਮਹਿਲਾ ਨੇ ਦੋਸ਼ ਲਾਏ ਸਨ ਕਿ ਉਸ ਉੱਤੇ ਜਿਨਸੀ ਹਮਲਾ 14 ਨਵੰਬਰ, 2019 ਨੂੰ ਅੰਕਾਰਾ ਦੇ ਉਸ ਦੇ ਹੋਟਲ ਦੇ ਕਮਰੇ ਵਿੱਚ ਹੋਇਆ ਸੀ।

ਇੰਟੇਗ੍ਰਿਟੀ ਕਮਿਸ਼ਨਰ ਨੇ ਇਹ ਵੀ ਆਖਿਆ ਕਿ ਢਿੱਲੋਂ ਨੇ ਜਾਂਚ ਦੌਰਾਨ ਉਸ ਨਾਲ ਸਹਿਯੋਗ ਨਹੀਂ ਕੀਤਾ। ਦੂਜੇ ਪਾਸੇ ਢਿੱਲੋਂ ਵੱਲੋਂ ਆਪਣੇ ਵਕੀਲ ਰਾਹੀਂ ਜਾਰੀ ਕੀਤੇ ਗਏ ਪੱਤਰ ਵਿੱਚ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਹੈ। ਉਨ੍ਹਾਂ ਲਿਖਿਆ ਹੈ ਕਿ ਉਹ ਇਸ ਰਿਪੋਰਟ ਵਿੱਚ ਲਾਏ ਗਏ ਸਾਰੇ ਦੋਸ਼ਾਂ ਤੇ ਕੱਢੇ ਗਏ ਸਿੱਟਿਆਂ ਤੋਂ ਇਨਕਾਰ ਕਰਦੇ ਹਨ। ਇਸ ਮਾਮਲੇ ਦੀ ਜਾਂਚ ਵਿੱਚ ਸ਼ੁਰੂ ਤੋਂ ਹੀ ਕਮੀਆਂ ਰਹੀਆਂ ਹਨ ਤੇ ਇਹ ਬੇਮੇਲ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਹ ਇੱਕ-ਪਾਸੜ ਹੈ ਤੇ ਸਿਆਸੀ ਤੌਰ ਉੱਤੇ ਉਨ੍ਹਾਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਢਿੱਲੋਂ ਵੱਲੋਂ ਆਪਣੇ ਵਕੀਲ ਨਾਦਰ ਆਰ ਹਸਨ ਰਾਹੀਂ ਡਵੀਜ਼ਨਲ ਕੋਰਟ ਵਿੱਚ ਇੰਟੇਗ੍ਰਿਟੀ ਕਮਿਸ਼ਨਰ ਦੀ ਇਸ ਰਿਪੋਰਟ ਦੇ ਨਿਆਂਇਕ ਮੁਲਾਂਕਣ ਲਈ ਇੱਕ ਅਰਜ਼ੀ ਦਾਇਰ ਕੀਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਢਿੱਲੋਂ ਨੂੰ ਮੁਜਰਮਾਨਾ ਤੌਰ ਉੱਤੇ ਚਾਰਜ ਵੀ ਨਹੀਂ ਕੀਤਾ ਗਿਆ।

ਇੰਟੇਗ੍ਰਿਟੀ ਕਮਿਸ਼ਨਰ ਮੁਨੀਜ਼ਾ ਸ਼ੇਖ ਵੱਲੋਂ 268 ਪੰਨਿਆਂ ਦੀ ਰਿਪੋਰਟ ਤਿਆਰ ਕੀਤੀ ਗਈ। ਇਸ ਰਿਪੋਰਟ ਵਿੱਚ ਢਿਲੋਂ ਖਿਲਾਫ ਅਨੁਸ਼ਾਸਕੀ ਕਾਰਵਾਈ ਕਰਨ ਲਈ ਕਈ ਹੋਰ ਸਿਫਾਰਿਸ਼ਾਂ ਵੀ ਕੀਤੀਆਂ ਗਈਆਂ ਸਨ। ਇਹ ਵੀ ਆਖਿਆ ਗਿਆ ਸੀ ਕਿ ਢਿੱਲੋਂ ਨੂੰ ਲੋਕਾਂ ਸਾਹਮਣੇ ਸਬੰਧਤ ਮਹਿਲਾ ਤੋਂ ਰਸਮੀ ਮੁਆਫੀ ਮੰਗਣੀ ਚਾਹੀਦੀ ਹੈ। ਵੱਖ ਵੱਖ ਕਮੇਟੀਆਂ ਤੋਂ ਢਿੱਲੋਂ ਨੂੰ ਹਟਾ ਦੇਣਾ ਚਾਹੀਦਾ ਹੈ ਤੇ ਸਿਟੀ ਦੇ ਬਿਜ਼ਨਸ ਲਈ ਵੀ ਢਿੱਲੋਂ ਨੂੰ ਪ੍ਰੋਵਿੰਸ ਤੋਂ ਬਾਹਰ ਟਰੈਵਲ ਨਹੀਂ ਕਰਨ ਦੇਣਾ ਚਾਹੀਦਾ ਹੈ। ਜਨਤਾ ਦੇ ਨਾਲ ਢਿੱਲੋਂ ਨੂੰ ਸਿਰਫ ਈ-ਮੇਲ ਰਾਹੀਂ ਹੀ ਸੰਪਰਕ ਸਾਧਨ ਦੇਣਾ ਚਾਹੀਦਾ ਹੈ। ਢਿੱਲੋਂ ਦੀ ਪਹੁੰਚ ਮਿਉਂਸਪਲ ਆਫਿਸਿਜ਼ ਤੱਕ ਨਹੀਂ ਹੋਣੀ ਚਾਹੀਦੀ। ...ਬਾਕੀ ਪੰਨਾ 6 'ਤੇ

# ਕੈਨੇਡਾ ਉੱਤੇ ਨਵੇਂ ਐਲੂਮੀਨੀਅਮ ਟੈਰਿਫ ਲਾਉਣ ਦੀ ਤਿਆਰੀ ਕਰ ਰਿਹਾ ਹੈ ਅਮਰੀਕਾ

ਓਟਵਾ, 6 ਅਗਸਤ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਕੈਨੇਡੀਅਨ ਐਲੂਮੀਨੀਅਮ ਇੰਪੋਰਟਸ ਉੱਤੇ 10 ਫੀ ਸਦੀ ਟੈਰਿਫ ਲਾਉਣ ਦੀ ਆਪਣੀ ਯੋਜਨਾ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਕੈਨੇਡਾ ਵੱਲੋਂ ਵੀ ਜਵਾਬੀ ਕਾਰਵਾਈ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸਰਹੱਦ ਦੇ ਦੋਵਾਂ ਪਾਸਿਆਂ ਤੋਂ ਐਲੂਮੀਨੀਅਮ ਆਰਗੇਨਾਈਜ਼ੇਸ਼ਨਜ਼ ਵੱਲੋਂ ਟਰੰਪ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਗਈ ਹੈ।

ਵੀਰਵਾਰ ਦੇਰ ਸ਼ਾਮ ਜਾਰੀ ਕੀਤੇ ਗਏ ਬਿਆਨ ਵਿੱਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਅਮੈਰੀਕਨ ਟੈਰਿਫਜ਼ ਦੀ ਪ੍ਰਤੀਕਿਰਿਆ



ਵਜੋਂ ਕੈਨੇਡਾ ਵੀ ਤੇਜ਼ੀ ਨਾਲ ਬਰਾਬਰ ਮਾਪਦੰਡ ਅਪਣਾਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਹੋਰ ਵੇਰਵੇ ਜਲਦ ਹੀ ਜਾਰੀ ਕੀਤੇ ਜਾਣਗੇ। ਅਮਰੀਕੀ ਪ੍ਰਸ਼ਾਸਨ ਵੱਲੋਂ ਫੈਡਰਲ ਸਰਕਾਰ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਨਵੇਂ ਟੈਰਿਫ ਜਲਦ ਆ ਰਹੇ ਹਨ। ਇਹ ਵੀ ਆਖਿਆ ਗਿਆ ਕਿ

## ਕੈਨੇਡਾ ਵੱਲੋਂ ਕੀਤੀ ਜਾਵੇਗੀ ਜਵਾਬੀ ਕਾਰਵਾਈ : ਫਰੀਲੈਂਡ



ਇਹ ਟੈਰਿਫ 16 ਅਗਸਤ ਤੋਂ ਅਨਪ੍ਰੋਸੈਸਡ ਕੈਨੇਡੀਅਨ ਐਲੂਮੀਨੀਅਮ ਉੱਤੇ ਲਾਏ ਜਾਣਗੇ।

ਫਰੀਲੈਂਡ ਵੱਲੋਂ ਟਰੰਪ ਦੇ ਇਸ ਕਦਮ ਨੂੰ ਗਲਤ ਤੇ ਸਵੀਕਾਰ ਨਾ ਕੀਤਾ ਜਾ ਸਕਣ ਵਾਲਾ ਦੱਸਿਆ ਗਿਆ। ਓਹਾਇਓ ਵਿੱਚ ਇੱਕ ਈਵੈਂਟ ਵਿੱਚ ਇਹ ਨਵਾਂ ਐਲਾਨ ਕਰਦਿਆਂ ਟਰੰਪ ਨੇ ਆਖਿਆ ਕਿ ਕੈਨੇਡਾ ਹਮੇਸ਼ਾਂ ਵਾਂਗ ਸਾਡਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਵੀਰਵਾਰ ਨੂੰ ਟਰੰਪ ਨੇ ਇਹ ਦਾਅਵਾ ਕੀਤਾ ਸੀ ਕਿ ਕੈਨੇਡਾ ਵੱਲੋਂ ਅਮਰੀਕਾ ਦੇ ਐਲੂਮੀਨੀਅਮ ਬਿਜ਼ਨਸ ਨੂੰ ਤਬਾਹ ਕਰ ਦਿੱਤਾ ਗਿਆ ਹੈ। ਉਨ੍ਹਾਂ ਇਸ ਨੂੰ ਗਲਤ ਦੱਸਦਿਆਂ ਕੈਨੇਡੀਅਨ ਉਤਪਾਦਕਾਂ ਉੱਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਅਮਰੀਕਾ ਵਿੱਚ ਆਪਣੇ ਉਤਪਾਦ ਭਰਕੇ ਸਾਡੇ ਘਰੇਲੂ ਉਤਪਾਦਕਾਂ ਨੂੰ ਢਾਹ ਲਾਈ ਹੈ। ...ਬਾਕੀ ਪੰਨਾ 6 'ਤੇ

# ਜੁਰਮ ਨਾਲ ਸਿੱਝਣ ਲਈ ਓਨਟਾਰੀਓ ਸਰਕਾਰ ਕਰੇਗੀ 6 ਮਿਲੀਅਨ ਡਾਲਰ ਦਾ ਨਿਵੇਸ਼



ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਵਿੱਚ ਜੁਰਮ ਨਾਲ ਸਿੱਝਣ ਲਈ 6 ਮਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ।

ਪ੍ਰੀਮੀਅਰ ਡੱਗ ਫੋਰਡ ਨੇ ਵੀਰਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਓਨਟਾਰੀਓ ਵਿੱਚ ਮੁਜਰਮਾਨਾਂ ਗਤੀਵਿਧੀਆਂ ਵਿੱਚ ਪਿੱਛੇ ਜਿਹੇ ਹੋਏ ਵਾਧੇ ਦੇ ਸਬੰਧ ਵਿੱਚ ਇਹ ਐਲਾਨ ਕੀਤਾ। ਫੋਰਡ ਨੇ ਆਖਿਆ ਕਿ ਟੋਅ ਟਰੱਕ ਇੰਡਸਟਰੀ, ਘਰੇਲੂ ਹਿੰਸਾਂ ਤੇ ਸੂਟਿੰਗਜ਼ ਵਿੱਚ ਹੋਏ ਵਾਧੇ ਕਾਰਨ ਉਨ੍ਹਾਂ ਦਾ ਦਿਲ ਟੁੱਟ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਟੋਰਾਂਟੋ ਵਿੱਚ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਸੂਟਿੰਗ ਦੀਆਂ ਛੇ ਘਟਨਾਵਾਂ ਘਟੀਆਂ। ਉਨ੍ਹਾਂ ਆਖਿਆ ਕਿ ਇਹ ਗਲਤ ਤੇ ਅਸਵੀਕਾਰਯੋਗ ਹੈ। ਇਸ ਰੁਝਾਨ ਨੂੰ ਰੋਕਣਾ ਹੋਵੇਗਾ। ਉਨ੍ਹਾਂ ਆਖਿਆ ਕਿ ਉਹ ਮੁਜਰਮਾਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਅਸੀਂ ਤੁਹਾਨੂੰ ਕਿਤੋਂ ਵੀ ਲੱਭ ਲਵਾਂਗੇ ਤੇ ਤੁਹਾਨੂੰ ਕੈਦਖਾਨੇ ਵਿੱਚ ਡੱਕ ਕੇ ਹੀ ਸਾਹ ਲਵਾਂਗੇ। ਉਨ੍ਹਾਂ ਆਖਿਆ ਕਿ ਸਰਕਾਰ ਪ੍ਰੋਵਿੰਸ ਵਿੱਚ ਵੱਖ ਵੱਖ ਤਰ੍ਹਾਂ ਦੇ ਜੁਰਮ ਨੂੰ ਰੋਕਣ ਲਈ ਅਗਲੇ ਤਿੰਨ ਸਾਲਾਂ ਵਿੱਚ 6 ਮਿਲੀਅਨ ਡਾਲਰ ਨਿਵੇਸ਼ ਕਰੇਗੀ। ਫੋਰਡ ਨੇ ਆਖਿਆ ਕਿ ਮੁਜਰਮਾਂ ਕੋਲੋਂ ਬਰਾਮਦ ਕੀਤਾ ਗਿਆ ਪੈਸਾ ਪ੍ਰੋਵਿੰਸ ਭਰ ਦੀਆਂ 16 ਪੁਲਿਸ ਸੇਵਾਵਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ ਤਾਂ ਕਿ ਉਹ ਗੰਨ ਤੇ ਗੈਂਗ ਹਿੰਸਾ, ਹਿਊਮਨ ਟਰੈਫਿਕਿੰਗ, ਜਿਨਸੀ ਹਿੰਸਾ ਤੇ ਤੰਗ ਪਰੇਸ਼ਾਨ ਕਰਨ ਵਰਗੇ ਜੁਰਮਾਂ ਨਾਲ ਨਜਿੱਠਣ ਲਈ ਆਪਣੀ ਰਣਨੀਤੀ ਲਾਗੂ ਕਰ ਸਕਣ।

ਫੰਡਿੰਗ ਦਾ ਬਹੁਤਾ ਹਿੱਸਾ ਵਾਟਰਲੂ ਰੀਜਨਲ ਪੁਲਿਸ ਸਰਵਿਸ ਨੂੰ ਐਂਟੀ-ਹਿਊਮਨ ਟਰੈਫਿਕਿੰਗ ਯੂਨਿਟ ਕਾਇਮ ਕਰਨ ਲਈ ਦਿੱਤਾ ਜਾਵੇਗਾ। ਫੰਡਾਂ ਵਿੱਚੋਂ 300,000 ਡਾਲਰ ਟੋਰਾਂਟੋ ਪੁਲਿਸ ਸਰਵਿਸ, 300,000 ਡਾਲਰ ਯੌਰਕ ਰੀਜਨਲ ਪੁਲਿਸ ਨੂੰ ਵੀ ਦਿੱਤਾ ਜਾਵੇਗਾ।

# ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਸਟੀਫਨ ਮੈਕਨੀਲ ਨੇ ਅਹੁਦਾ ਛੱਡਣ ਦਾ ਕੀਤਾ ਐਲਾਨ

ਹੈਲੀਫੈਕਸ, 6 ਅਗਸਤ (ਪੋਸਟ ਬਿਊਰੋ) : ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਸਟੀਫਨ ਮੈਕਨੀਲ ਨੇ ਅਹੁਦਾ ਛੱਡਣ ਦਾ ਐਲਾਨ ਕੀਤਾ ਹੈ। ਵੀਰਵਾਰ ਨੂੰ ਹੈਲੀਫੈਕਸ ਵਿੱਚ ਪ੍ਰੈੱਸ ਬ੍ਰੀਫਿੰਗ ਦੌਰਾਨ ਮੈਕਨੀਲ ਨੇ ਇਹ ਐਲਾਨ ਕੀਤਾ। ਮੈਕਨੀਲ ਨੇ ਆਖਿਆ ਕਿ ਸਤਾਰਾਂ ਸਾਲਾਂ ਦਾ ਅਰਸਾ ਕਾਫੀ ਲੰਮਾਂ ਹੁੰਦਾ ਹੈ। ਉਨ੍ਹਾਂ ਆਖਿਆ ਕਿ ਉਹ ਆਪਣੇ ਕੰਮ ਨਾਲ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਆਪਣੇ ਕੰਮ ਦੇ ਹਰ ਦਿਨ ਦਾ ਆਨੰਦ ਮਾਣਿਆ ਤੇ ਹਰ ਦਿਨ ਪ੍ਰੋਵਿੰਸ ਦੇ ਲੋਕਾਂ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ। ਪਰ ਇਹ ਸਾਰੀ ਉਮਰ ਚੱਲਣ ਵਾਲਾ ਕਰੀਅਰ ਨਹੀਂ ਹੈ।

ਮੈਕਨੀਲ ਨੇ ਆਖਿਆ ਕਿ ਉਨ੍ਹਾਂ ਇਸ ਸਾਲ ਦੇ ਸ਼ੁਰੂ ਵਿੱਚ ਹੀ ਅਹੁਦਾ ਛੱਡਣ ਬਾਰੇ ਸੋਚਿਆ ਸੀ ਪਰ ਕੋਵਿਡ-19 ਮਹਾਂਮਾਰੀ ਕਾਰਨ ਉਨ੍ਹਾਂ ਆਪਣਾ ਇਹ ਫੈਸਲਾ ਟਾਲ ਦਿੱਤਾ। ਉਨ੍ਹਾਂ ਆਖਿਆ ਕਿ ਉਹ ਫੌਰੀ ਤੌਰ ਉੱਤੇ ਆਪਣਾ



ਅਹੁਦਾ ਨਹੀਂ ਛੱਡਣਗੇ। ਉਹ ਕੋਵਿਡ-19 ਮਹਾਂਮਾਰੀ ਦੌਰਾਨ ਪ੍ਰੋਵਿੰਸ ਦੀ ਅਗਵਾਈ ਕਰਦੇ ਰਹਿਣਗੇ ਤੇ ਇਸ ਦੌਰਾਨ ਲਿਬਰਲ ਪਾਰਟੀ ਨੂੰ ਸਮਾਂ ਦੇਣਾ ਚਾਹੁੰਦੇ ਹਨ ਕਿ ਉਹ ਆਪਣੀ ਕੈਂਪੇਨ ਦੀ ਤਿਆਰੀ ਕਰ ਲਵੇ ਤੇ ਨਵਾਂ ਆਗੂ ਚੁਣ ਲਵੇ।

ਉਨ੍ਹਾਂ ਆਖਿਆ ਕਿ ਜਦੋਂ ਤੱਕ ਅਗਲਾ ਲੀਡਰ ਨਹੀਂ ਚੁਣ ਲਿਆ ਜਾਂਦਾ ਉਦੋਂ ਤੱਕ ਉਹ ਆਪਣੇ ਲੋਕਾਂ ਨੂੰ ਸੇਧ ਦਿੰਦੇ ਰਹਿਣਗੇ। ਮੈਕਨੀਲ 2013 ਵਿਚ ਪ੍ਰੀਮੀਅਰ ਚੁਣੇ ਗਏ ਸਨ ਤੇ 2017 ਵਿੱਚ ਉਹ ਮੁੜ ਚੁਣੇ ਗਏ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axeel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axeel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
2456 Lake shore Blvd W., Etobicoke, ON
905-451-0379
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਕੈਨੇਡਾ ਵੱਲੋਂ ਲੈਬਨਾਨ ਨੂੰ ਮੁਹੱਈਆ ਕਰਵਾਈ ਜਾਣ ਵਾਲੀ ਮਦਦ ਲੰਮਾਂ ਸਮਾਂ ਚੱਲੇਗੀ : ਗੋਲਡ

### ਸਿਆਸੀ ਤੇ ਆਰਥਿਕ ਸੁਧਾਰਾਂ ਉੱਤੇ ਦਿੱਤਾ ਜ਼ੋਰ



ਓਟਵਾ, 6 ਅਗਸਤ (ਪੋਸਟ ਬਿਊਰੋ) : ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਬੈਰੂਤ ਵਿੱਚ ਮੰਗਲਵਾਰ ਨੂੰ ਹੋਏ ਧਮਾਕੇ ਲਈ ਐਮਰਜੰਸੀ ਮਦਦ ਤੋਂ ਇਲਾਵਾ ਲੈਬਨਾਨ ਨੂੰ ਕੈਨੇਡਾ ਵੱਲੋਂ ਲੰਮੇਂ ਸਮੇਂ ਤੱਕ ਮਦਦ ਮੁਹੱਈਆ ਕਰਵਾਈ ਜਾਂਦੀ ਰਹੇਗੀ। ਲੈਬਨਾਨ ਪਹਿਲਾਂ ਤੋਂ ਹੀ ਆਰਥਿਕ ਤੇ ਸਿਹਤ ਸੰਕਟ ਵਿੱਚੋਂ ਲੰਘ ਰਿਹਾ ਹੈ।

ਕੌਮਾਂਤਰੀ ਵਿਕਾਸ ਮੰਤਰੀ ਕਰੀਨਾ ਗੋਲਡ ਨੇ ਦੱਸਿਆ ਕਿ ਕੈਨੇਡਾ ਵੱਲੋਂ ਲੈਬਨਾਨ ਨੂੰ 5 ਮਿਲੀਅਨ ਡਾਲਰ ਦੀ ਜਿਹੜੀ ਆਰਥਿਕ ਮਦਦ ਦਿੱਤੀ ਜਾ ਰਹੀ ਹੈ ਉਸ ਦੀ ਵੰਡ ਕਿਵੇਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 1.5 ਮਿਲੀਅਨ ਡਾਲਰ ਲੈਬਨੀਜ਼ ਰੈੱਡ ਕਰੌਸ ਅਤੇ ਹੋਰ ਭਰੋਸੇ ਵਾਲੀਆਂ ਮਾਨਵਤਾਵਾਦੀ ਆਰਗੇਨਾਈਜ਼ੇਸ਼ਨਜ਼ ਨੂੰ ਫੌਰੀ ਭੇਜ ਦਿੱਤਾ ਜਾਵੇਗਾ।

ਉਨ੍ਹਾਂ ਆਖਿਆ ਕਿ ਇਸ ਸਮੇਂ ਸਾਡੀ ਤਰਜੀਹ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣਾ ਹੈ। ਅਸੀਂ ਜਾਣਦੇ ਹਾਂ ਕਿ ਅਗਲੇ 48 ਘੰਟੇ ਇਸ ਪੱਖੋਂ ਬਹੁਤ ਹੀ ਅਹਿਮ ਹਨ। ਅਸੀਂ ਐਮਰਜੰਸੀ ਸ਼ੈਲਟਰ, ਖਾਣਾ ਤੇ ਪਾਣੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਦਵਾਈਆਂ ਤੇ ਮੈਡੀਕਲ ਕੇਅਰ ਵੀ ਮੁਹੱਈਆ ਕਰਾਵਾਂਗੇ। ਮੰਗਲਵਾਰ ਨੂੰ ਹੋਏ ਧਮਾਕੇ ਵਿੱਚ ਲੈਬਨਾਨ ਦੀ ਰਾਜਧਾਨੀ ਬੈਰੂਤ ਵਿੱਚ ਘੱਟੋ-ਘੱਟ 135 ਲੋਕ ਮਾਰੇ ਗਏ ਤੇ 5000 ਦੇ ਨੇੜੇ ਤੇੜ ਜ਼ਖ਼ਮੀ ਹੋ ਗਏ।

ਲੋਕਲ ਅਧਿਕਾਰੀ ਹੁਣ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਛੇ ਸਾਲਾਂ ਤੱਕ ਬੈਰੂਤ ਦੀ ਬੰਦਰਗਾਹ ਉੱਤੇ 2,750 ਟੰਨ ਅਮੋਨੀਅਮ ਨਾਈਟ੍ਰੇਟ ਬਿਨਾ ਸੇਫਟੀ ਮਾਪਦੰਡਾਂ ਨੂੰ ਪੂਰਾ ਕੀਤਿਆਂ ਕਿਵੇਂ ਪਿਆ ਰਹਿ ਗਿਆ। ਗੋਲਡ ਨੇ ਆਖਿਆ ਕਿ ਵਿੱਤੀ ਸੰਕਟ ਨਾਲ ਜੂਝ ਰਹੇ ਦੇਸ਼ ਦੀ ਹਾਲਤ ਹੁਣ ਇਸ ਹਫਤੇ ਵਾਪਰੀ ਇਸ ਘਟਨਾ ਤੋਂ ਬਾਅਦ ਹੋਰ ਵੀ ਖਸਤਾ ਹੋ ਗਈ ਹੈ।

ਮਾਰਚ ਵਿੱਚ ਲੈਬਨਾਨ ਦੇ ਪ੍ਰਧਾਨ ਮੰਤਰੀ ਹਸਨ ਦਾਇਬ ਨੇ ਐਲਾਨ ਕੀਤਾ ਸੀ ਕਿ ਦੇਸ਼ ਆਪਣੇ ਸਿਰ ਚੜ੍ਹੇ ਕਰਜ਼ੇ ਦੇ ਬੋਝ ਥੱਲੇ ਹੀ ਦੱਬਿਆ ਪਿਆ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਗੋਲਡ ਦੀਆਂ ਟਿੱਪਣੀਆਂ ਦੀ ਹਾਮੀ ਭਰੀ। ਕੱਲ੍ਹ ਇੱਕ ਪ੍ਰੈੱਸ ਰਲੀਜ਼ ਵਿੱਚ ਟਰੂਡੋ ਨੇ ਆਖਿਆ ਕਿ ਲੈਬਨਾਨ ਦੇ ਲੋਕਾਂ, ਲੈਬਨੀਜ਼ ਕੈਨੇਡੀਅਨਾਂ ਤੇ ਜਿਨ੍ਹਾਂ ਨੇ ਇਸ ਜ਼ੋਰਦਾਰ ਧਮਾਕੇ ਦਾ ਦਰਦ ਸਿਹਾ ਹੈ, ਜਿਹੜੇ ਆਪਣੇ ਪਿਆਰਿਆਂ ਤੇ ਦੋਸਤਾਂ ਨੂੰ ਲੈ ਕੇ ਚਿੰਤਤ ਹਨ, ਅਸੀਂ ਹਮੇਸ਼ਾਂ ਉਨ੍ਹਾਂ ਸਾਰਿਆਂ ਦੀ, ਲੈਬਨਾਨ ਦੇ ਲੋਕਾਂ ਦੀ ਮਦਦ ਲਈ ਤਿਆਰ ਰਹਾਂਗੇ। ਅਸੀਂ ਇਸ ਸ਼ਹਿਰ ਨੂੰ ਮੁੜ ਸੁਹਣਾ ਬਣਾਉਣ ਵਿੱਚ ਵੀ ਉਨ੍ਹਾਂ ਦੀ ਮਦਦ ਕਰਾਂਗੇ। ਇਸ ਦੌਰਾਨ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਵੀ ਇੱਕ ਬਿਆਨ ਵਿੱਚ ਲੈਬਨਾਨ ਦੇ ਲੋਕਾਂ ਨਾਲ ਹਮਦਰਦੀ ਪ੍ਰਗਟਾਈ।

# ਮਿਸੀਸਾਗਾ ਕਾਉਂਸਲਰਜ਼ ਨੇ ਭਜਨ ਬ੍ਰਾਡਕਾਸਟ ਕਰਨ ਦੀ ਬੇਨਤੀ ਨੂੰ ਹਾਲ ਦੀ ਘੜੀ ਰੋਕਿਆ



ਮਿਸੀਸਾਗਾ, 6 ਅਗਸਤ (ਪੋਸਟ ਬਿਊਰੋ) : ਇਸ ਮਹੀਨੇ ਲੋਕਲ ਹਿੰਦੂ ਮੰਦਰਾਂ ਨੂੰ ਧਾਰਮਿਕ ਭਜਨ ਬ੍ਰਾਡਕਾਸਟ ਕਰਨ ਦੀ ਇਜਾਜ਼ਤ ਦੇਣ ਲਈ ਆਈ ਬੇਨਤੀ ਨੂੰ ਬਹੁਗਿਣਤੀ ਮਿਸੀਸਾਗਾ ਕਾਉਂਸਲਰਜ਼ ਵੱਲੋਂ ਹਾਲ ਦੀ ਘੜੀ ਰੋਕਣ ਦੇ ਪੱਖ ਵਿੱਚ ਵੋਟ ਕੀਤਾ ਗਿਆ।

ਇਹ ਬੇਨਤੀ ਹਿੰਦੂ ਫੋਰਮ ਕੈਨੇਡਾ ਵੱਲੋਂ ਆਈ ਹੈ ਤੇ ਇਸ ਵਿੱਚ ਆਖਿਆ ਗਿਆ ਹੈ ਕਿ 11 ਅਗਸਤ ਤੇ ਪਹਿਲੀ ਸਤੰਬਰ ਦਰਮਿਆਨ ਸ਼ਾਮੀਂ 7:00 ਵਜੇ ਪੰਜ ਮਿੰਟ ਲਈ ਦਿਨ ਵਿੱਚ ਇੱਕ ਵਾਰੀ ਗਾਇਤਰੀ ਮੰਤਰ ਅਤੇ ਹਨੂਮਾਨ ਚਾਲੀਸਾ ਭਜਨ ਚਲਾਉਣ ਦਿੱਤੇ ਜਾਇਆ ਕਰਨ। ਇਸ ਸਮੇਂ ਦੌਰਾਨ ਹਿੰਦੂ ਧਰਮ ਦੇ ਤਿੰਨ ਤਿਓਹਾਰ ਆਉਂਦੇ ਹਨ: ਕ੍ਰਿਸ਼ਨ ਜਨਮਅਸ਼ਟਮੀ, ਗਣੇਸ਼ ਚਤੁਰਥੀ ਤੇ ਓਨਮ।

ਵੋਟਾਂ ਵੰਡੀਆਂ ਜਾਣ ਕਾਰਨ, ਹੁਣ ਇਹ ਮਾਮਲਾ ਮਿਸੀਸਾਗਾ ਦੀ ਡਾਇਵਰਸਿਟੀ ਐਂਡ ਇਨਕਲੂਜ਼ਨ ਐਡਵਾਈਜ਼ਰੀ ਕਮੇਟੀ (ਡੀਆਈਏਸੀ) ਕੋਲ ਭੇਜ ਦਿੱਤਾ ਗਿਆ ਹੈ। ਇਸ ਮੰਗ ਨੂੰ ਮਨਜ਼ੂਰੀ ਦੇਣ ਲਈ ਇੱਕ ਹੋਰ ਕਾਉਂਸਲ ਸੈਸ਼ਨ ਦੀ ਲੋੜ ਪੈ ਸਕਦੀ ਹੈ।

ਜ਼ਿਕਰਯੋਗ ਹੈ ਕਿ ਮਿਸੀਸਾਗਾ ਕਾਉਂਸਲ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਸਿਟੀ ਦੀਆਂ ਮਸਜਿਦਾਂ ਨੂੰ ਆਰਜ਼ੀ ਤੌਰ ਉੱਤੇ ਰਮਦਾਨ ਦੌਰਾਨ ਅਜ਼ਾਨ ਬ੍ਰਾਡਕਾਸਟ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

ਵਾਰਡ 7 ਤੋਂ ਕਾਉਂਸਲਰ ਦੀਪਿਕਾ ਡਾਮੇਰਲਾ ਨੇ ਆਖਿਆ ਕਿ ਹਿੰਦੂ ਭਜਨ ਬ੍ਰਾਡਕਾਸਟ ਕਰਨਾ ਵੀ ਸਹੀ ਰਹੇਗਾ। 5 ਅਗਸਤ ਨੂੰ ਹੋਈ ਕਾਉਂਸਲ ਦੀ ਮੀਟਿੰਗ ਵਿੱਚ ਡਾਮੇਰਲਾ ਨੇ ਆਖਿਆ ਕਿ ਇਹ ਨਿੱਕੀ ਜਿਹੀ ਮੰਗ ਹੈ ਜਿਸ ਨੂੰ ਪੂਰਾ ਕੀਤਾ ਜਾ ਸਕਦਾ ਹੈ। ਹਿੰਦੂ ਫੋਰਮ ਕੈਨੇਡਾ ਦੇ ਪ੍ਰੈਜ਼ੀਡੈਂਟ ਰਾਓ ਯੇਂਦਾਮੁਰੀ ਨੇ ਆਖਿਆ ਕਿ ਭਜਨ ਬ੍ਰਾਡਕਾਸਟ ਕਰਨ ਦਾ ਵਿਚਾਰ ਉਨ੍ਹਾਂ ਸੀਨੀਅਰਜ਼ ਨੂੰ ਨਾਲ ਜੋੜਨ ਲਈ ਹੈ ਜਿਹੜੇ ਤਿਓਹਾਰਾਂ ਦੌਰਾਨ ਮੰਦਰ ਨਹੀਂ ਜਾ ਸਕਦੇ। ਉਨ੍ਹਾਂ ਆਖਿਆ ਕਿ ਜੇ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਅਸਥਾਈ ਬ੍ਰਾਡਕਾਸਟ ਦੀ ਇਜਾਜ਼ਤ ਮਿਲ ਸਕਦੀ ਹੈ ਤਾਂ ਹਿੰਦੂ ਭਾਈਚਾਰੇ ਨੂੰ ਕਿਉਂ ਨਹੀਂ।

ਮਿਸੀਸਾਗਾ ਕਾਉਂਸਲ ਦੀ ਅਗਲੀ ਮੀਟਿੰਗ 9 ਸਤੰਬਰ ਨੂੰ ਹੋਣੀ ਹੈ। ਜੇ ਭਜਨ ਦੀ ਇਜਾਜ਼ਤ ਦੇਣੀ ਹੋਈ ਤਾਂ ਇੱਕ ਵਿਸ਼ੇਸ਼ ਮੀਟਿੰਗ 11 ਅਗਸਤ ਤੋਂ ਪਹਿਲਾਂ ਵੀ ਕਰਨੀ ਹੋਵੇਗੀ।

# ਲੇਕ ਓਨਟਾਰੀਓ ਵਿੱਚ ਮਿਲੀ ਨਵਜੰਮੇਂ ਬੱਚੇ ਦੀ ਲਾਸ਼



ਓਨਟਾਰੀਓ, 6 ਅਗਸਤ (ਪੋਸਟ ਬਿਊਰੋ) : ਪਿਕਰਿੰਗ ਵਿੱਚ ਲੇਕ ਓਨਟਾਰੀਓ ਵਿੱਚ ਨਵਜੰਮੇ ਬੱਚੇ ਦੀ ਲਾਸ਼ ਮਿਲਣ ਤੋਂ ਬਾਅਦ ਦਰਹਾਮ ਰੀਜਨਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਫਰਿਸਕੋ ਰੋਡ ਤੇ ਮੌਂਟਗੋਮਰੀ ਪਾਰਕ ਰੋਡ ਉੱਤੇ ਇੱਕ ਨਾਗਰਿਕ ਨੂੰ ਬੱਚੇ ਦੀ ਲਾਸ਼ ਨਜ਼ਰ ਆਉਣ ਤੋਂ ਬਾਅਦ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਕੌਰੋਨਰ ਨੂੰ ਵੀ ਮੌਕੇ ਉੱਤੇ ਸਦਿਆ ਗਿਆ ਤੇ ਹੋਮੀਸਾਈਡ ਯੂਨਿਟ ਵੱਲੋਂ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਗਈ ਹੈ।

ਆਉਣ ਵਾਲੇ ਦਿਨਾਂ ਵਿੱਚ ਪੋਸਟ ਮਾਰਟਮ ਕੀਤਾ ਜਾਵੇਗਾ। ਇਸ ਸਬੰਧ ਵਿੱਚ ਹਾਲ ਦੀ ਘੜੀ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

# ਡਾਊਨਟਾਊਨ ਟੋਰਾਂਟੋ ਵਿੱਚ ਕ੍ਰੇਨ ਡਿੱਗੀ



ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਰਿਵਰ ਅਤੇ ਡੰਡਸ ਸਟਰੀਟਸ ਦੇ ਲਾਂਘੇ ਉੱਤੇ ਕ੍ਰੇਨ ਡਿੱਗ ਜਾਣ ਨਾਲ ਆਵਾਜਾਈ ਠੱਪ ਹੋ ਗਈ।

ਇਸ ਇਲਾਕੇ ਵਿੱਚ ਕੰਮ ਕਰਨ ਵਾਲੇ ਚਸ਼ਮਦੀਦ ਨੇ ਦੱਸਿਆ ਕਿ ਇੱਕ ਸਾਈਕਲਿਸਟ ਮਸ੍ਹਾਂ ਹੀ ਡਿੱਗ ਰਹੀ ਕ੍ਰੇਨ ਦੀ ਚਪੇਟ ਵਿੱਚ ਆਉਣ ਤੋਂ ਬਚੀ। ਕ੍ਰੇਨ ਡਿੱਗਣ ਸਮੇਂ ਉਸ ਨੇ ਫਟਾਫਟ ਆਪਣੇ ਸਾਈਕਲ ਤੋਂ ਛਾਲ ਮਾਰ ਦਿੱਤੀ। ਪੁਲਿਸ ਨੇ ਦੱਸਿਆ ਕਿ ਇਸ ਇਲਾਕੇ ਨੂੰ ਹਾਲ ਦੀ ਘੜੀ ਟਰੈਫਿਕ ਲਈ ਬੰਦ ਕਰ ਦਿੱਤਾ ਗਿਆ ਹੈ।

ਇਸ ਘਟਨਾ ਬਾਰੇ ਲੇਬਰ ਮੰਤਰਾਲੇ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ। ਹੁਣ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਮਿਲੀ ਹੈ।

# ਟਿੰਮ ਹੌਰਟਨਜ਼ ਦੀ ਕਮਾਈ ਨੂੰ ਲੱਗੀ ਵੱਡੀ ਢਾਹ




ਓਟਵਾ, 6 ਅਗਸਤ (ਪੋਸਟ ਬਿਊਰੋ) : ਰੈਸਟੋਰੈਂਟ ਬ੍ਰੈਂਡਜ਼ ਇੰਟਰਨੈਸ਼ਨਲ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਮਹਾਂਮਾਰੀ ਨੇ ਦੂਜੀ ਤਿਮਾਹੀ ਵਿੱਚ ਉਨ੍ਹਾਂ ਦੀ ਕਮਾਈ ਨੂੰ ਕਾਫੀ ਢਾਹ ਲਾਈ ਹੈ। ਇਹ ਵੀ ਦੱਸਿਆ ਗਿਆ ਕਿ ਕੰਪਨੀ ਦੀ ਵਿੱਕਰੀ 21 ਫੀ ਸਦੀ ਘਟੀ ਹੈ। ਟਿੰਮ ਹੌਰਟਨ ਤੇ ਬਰਗਰ ਕਿੰਗ ਦੀ ਪੇਰੈਂਟ ਕੰਪਨੀ ਦਾ ਕਹਿਣਾ ਹੈ ਕਿ 30 ਜੂਨ ਨੂੰ ਮੁੱਕੀ ਦੂਜੀ ਤਿਮਾਹੀ ਵਿੱਚ ਉਨ੍ਹਾਂ ਦੀ ਆਮਦਨ ਘਟ ਕੇ 163 ਮਿਲੀਅਨ ਅਮਰੀਕੀ ਡਾਲਰ ਰਹਿ ਗਈ ਜਦਕਿ ਇਸੇ ਅਰਸੇ ਦੌਰਾਨ ਇੱਕ ਸਾਲ ਪਹਿਲਾਂ ਕੰਪਨੀ ਦੀ ਕਮਾਈ 257 ਮਿਲੀਅਨ ਡਾਲਰ ਸੀ। ਆਰਬੀਆਈ ਨੇ ਆਖਿਆ ਕਿ ਪਿਛਲੀ ਤਿਮਾਹੀ ਵਿੱਚ ਆਮਦਨ ਵਿੱਚ 25 ਫੀ ਸਦੀ ਕਮੀ ਆਈ ਹੈ। ਟੋਰਾਂਟੋ ਸਥਿਤ ਆਰਬੀਆਈ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਦੋ ਵੱਡੇ ਬ੍ਰਾਂਡਾਂ ਦੀ ਆਮਦਨ ਵਿੱਚ ਬਹੁਤ ਤਿੱਖੀ ਗਿਰਾਵਟ ਦਰਜ ਕੀਤੀ ਗਈ ਹੈ। ਟਿੰਮ ਹੌਰਟਨਜ਼ ਤੇ ਬਰਗਰ ਕਿੰਗ ਦੀ ਵਿੱਕਰੀ ਕ੍ਰਮਵਾਰ ਇੱਕ ਤਿਹਾਈ ਤੇ ਇੱਕ ਚੌਥਾਈ ਘਟੀ ਹੈ। ਦੂਜੇ ਪਾਸੇ ਪੌਪੇਅਜ਼ ਦੀ ਵਿੱਕਰੀ ਵਿੱਚ ਹੋਏ ਵਾਧੇ ਨਾਲ ਸਥਿਤੀ ਥੋੜ੍ਹੀ ਸੰਭਲੀ ਲੱਗਦੀ ਹੈ। ਆਰਬੀਆਈ ਨੇ ਆਖਿਆ ਕਿ ਇਸ ਦੀਆਂ ਸਾਰੀਆਂ 27000 ਰੈਸਟੋਰੈਂਟਸ ਲੋਕੇਸ਼ਨਜ਼ ਵਰਚੂਅਲੀ ਖੋਲ੍ਹੀਆਂ ਜਾ ਚੁੱਕੀਆਂ ਹਨ।

# ਡਾਊਨਟਾਊਨ ਸ਼ੂਟਿੰਗ ਵਿੱਚ ਮਹਿਲਾ ਜ਼ਖ਼ਮੀ




ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਕੱਲ੍ਹ ਦੁਪਹਿਰ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਚੱਲੀ ਗੋਲੀ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ।

ਮਹਿਲਾ ਨੂੰ ਤੁਰੰਤ ਟਰੌਮਾ ਸੈਂਟਰ ਲਿਜਾਇਆ ਗਿਆ। ਇਹ ਮਹਿਲਾ ਆਪਣੇ 20ਵਿਆਂ ਵਿੱਚ ਹੈ। ਕੁਈਨ ਸਟਰੀਟ ਤੇ ਆਗਸਤਾ ਐਵਨਿਊ ਇਲਾਕੇ ਵਿੱਚ ਕਈ ਲੋਕਾਂ ਨੇ ਪੁਲਿਸ ਨੂੰ ਫੋਨ ਕਰਕੇ ਗੋਲੀਆਂ ਚੱਲਣ ਦੀ ਜਾਣਕਾਰੀ ਦਿੱਤੀ। ਪੁਲਿਸ ਫੌਰਨ ਮੌਕੇ ਉੱਤੇ ਪਹੁੰਚੀ।

ਪੁਲਿਸ ਵੱਲੋਂ ਮਸ਼ਕੂਕ ਸਬੰਧੀ ਦਿੱਤੇ ਗਏ ਵੇਰਵੇ ਅਨੁਸਾਰ ਉਹ ਆਪਣੇ 20ਵਿਆਂ ਵਿੱਚ ਹੈ ਤੇ ਉਸ ਦੀ ਕਦ-ਕਾਠੀ ਦਰਮਿਆਨੀ ਹੈ। ਉਸ ਨੇ ਸਰਜੀਕਲ ਮਾਸਕ ਤੇ ਕਾਲੇ ਰੰਗ ਦੀ ਹੁਡੀ ਪਾਈ ਹੋਈ ਸੀ। ਇਸ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਰਿਚਮੰਡ ਹਿੱਲ ਪੌਂਡ ਵਿੱਚੋਂ ਮਿਲੀ ਲਾਪਤਾ ਵਿਅਕਤੀ ਦੀ ਲਾਸ਼

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਦੀ ਮਰੀਨ ਯੂਨਿਟ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਿਚਮੰਡ ਹਿੱਲ ਪੌਂਡ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲੀ ਹੈ।ਇਨ੍ਹਾਂ ਅਧਿਕਾਰੀਆਂ ਦਾ ਇਹ ਵੀ ਆਖਣਾ ਹੈ ਕਿ ਇਹ ਵਿਅਕਤੀ ਸਟੌਰਮ ਟਨਲ ਸਿਸਟਮ ਰਾਹੀਂ ਰਿਚਮੰਡ ਹਿੱਲ ਪੌਂਡ ਵਿੱਚ ਪਹੁੰਚਿਆ ਲੱਗਦਾ ਹੈ।

ਕਿਸੇ ਵਿਅਕਤੀ ਦੇ ਡੁੱਬਣ ਦੀ ਖਬਰ ਦੇ ਕੇ ਪੁਲਿਸ ਨੂੰ ਮੰਗਲਵਾਰ ਸ਼ਾਮੀਂ 5:30 ਵਜੇ ਮੇਜਰ ਮੈਕੈਂਜ਼ੀ ਡਰਾਈਵ ਤੇ ਫਰੈਂਕ ਐਂਡੀਅਨ ਰੋਡ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਟੋਰਾਂਟੋ ਦੇ ਇੱਕ 26 ਸਾਲਾ ਵਿਅਕਤੀ ਨੂੰ ਸਟੌਰਮ ਡਰੇਨ ਟਨਲ ਵਿੱਚ ਪਾਇਆ, ਜਿਹੜੀ ਨੇੜਲੇ ਪੌਂਡ ਨਾਲ ਜੁੜੀ ਹੋਈ ਹੈ। ਉਸ ਨੂੰ ਪਾਣੀ ਵਿੱਚੋਂ ਤਾਂ ਕੱਢ ਲਿਆ ਗਿਆ ਤੇ ਸ਼ੌਕ ਲੱਗਣ ਦੇ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਅਤੇ ਉਸ ਦਾ ਦੋਸਤ ਟਨਲ ਸਿਸਟਮ ਵਿੱਚ ਹੀ ਸਨ ਜਦੋਂ ਮੀਂਹ ਕਾਰਨ ਪਾਣੀ ਦਾ ਪੱਧਰ ਵਧਣਾ ਸ਼ੁਰੂ ਹੋਇਆ। ਫਿਰ ਟਨਲ ਪੂਰੀ ਤਰ੍ਹਾਂ ਪਾਣੀ ਨਾਲ ਭਰ ਗਈ ਤੇ ਉਸ ਦਾ ਦੋਸਤ ਰੁੜ੍ਹ ਕੇ ਨੇੜਲੇ ਪੌਂਡ ਵਿੱਚ ਜਾ ਡਿੱਗਿਆ। ਉਸ ਨੇ ਆਪਣੇ ਦੋਸਤ ਦੀ ਪਛਾਣ ਰਿਚਮੰਡ ਹਿੱਲ ਦੇ 30 ਸਾਲਾ ਵਿਅਕਤੀ ਵਜੋਂ ਦੱਸੀ।

ਬੁੱਧਵਾਰ ਨੂੰ ਦੁਪਹਿਰੇ 1:00 ਵਜੇ ਤੋਂ ਪਹਿਲਾਂ ਮਰੀਨ ਯੂਨਿਟ ਨੂੰ ਪੌਂਡ ਵਿੱਚੋਂ ਪਾਣੀ ਵਿੱਚ ਡੁਬੀ ਲਾਸ਼ ਮਿਲ ਗਈ। ਮ੍ਰਿਤਕ ਦੀ ਪਛਾਣ ਕਰਨ ਲਈ ਕੌਰੋਨਰ ਵੀ ਮੌਕੇ ਉੱਤੇ ਪਹੁੰਚੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS · JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਮਿਸੀਸਾਗਾ ਵਿੱਚ ਸਟੋਰੇਜ ਫੈਸਿਲਿਟੀ ਵਿੱਚੋਂ ਮਿਲੀ ਇੱਕ ਵਿਅਕਤੀ ਦੀ ਲਾਸ਼




ਮਿਸੀਸਾਗਾ, 6 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਦੀ ਸਟੋ-ਰੇਜ ਫੈਸਿਲਿਟੀ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਨੇ ਆਖਿਆ ਕਿ ਮਾਮਲਾ ਕਿਸੇ ਵੀ ਪਾਸਿਓਂ ਸ਼ੱਕੀ ਨਹੀਂ ਲੱਗ ਰਿਹਾ।

ਪੀਲ ਪੁਲਿਸ ਨੇ ਦੱਸਿਆ ਕਿ ਇਹ ਲਾਸ਼ ਡੈਰੀ ਰੋਡ ਅਤੇ ਟੌਰਬਰੈਮ ਰੋਡ ਇਲਾਕੇ ਵਿੱਚ ਸਵੇਰੇ 11:30 ਵਜੇ ਤੋਂ ਬਾਅਦ ਤਾਲਾਬੰਦ ਪਈ ਪਬਲਿਕ ਸਟੋਰੇਜ ਯੂਨਿਟ ਦੇ ਅੰਦਰੋਂ ਮਿਲੀ। ਕੌਰੋਨਰ ਨੂੰ ਸੱਦੇ ਜਾਣ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਕਿ ਇਸ ਵਿਅਕਤੀ ਦੀ ਮੌਤ ਨਸ਼ਿਆਂ ਕਾਰਨ ਹੋਈ ਹੈ ਅਤੇ ਇਸ ਵਿੱਚ ਕਿਸੇ ਕਿਸਮ ਦੀ ਮੁਜਰਮਾਨਾ ਗਤੀਵਿਧੀ ਨਜ਼ਰ ਨਹੀਂ ਆ ਰਹੀ।

ਪੁਲਿਸ ਨੇ ਇਹ ਨਹੀਂ ਦੱਸਿਆ ਕਿ ਇਸ ਵਿਅਕਤੀ ਦੀ ਲਾਸ਼ ਇੱਥੇ ਕਿੰਨੇ ਸਮੇਂ ਤੋਂ ਪਈ ਸੀ।

# ਬੈਰੂਤ ਧਮਾਕੇ ਵਿੱਚ ਅਣਗਹਿਲੀ ਹੋਣ ਦਾ ਸ਼ੱਕ

ਬੈਰੂਤ, 6 ਅਗਸਤ (ਪੋਸਟ ਬਿਊਰੋ) : ਲੈਬਨਾਨ ਦੀ ਰਾਜਧਾਨੀ ਵਿੱਚ ਹੋਏ ਜ਼ੋਰਦਾਰ ਧਮਾਕੇ ਦਾ ਕਾਰਨ ਲੱਭਣ ਲਈ ਜਾਂਚਕਾਰਾਂ ਨੇ ਬੈਰੂਤ ਦੀ ਬੰਦਰਗਾਹ ਦੇ ਮਲਬੇ ਨੂੰ ਕੁਰੇਦਣਾ ਸ਼ੁਰੂ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਅਣਗਹਿਲੀ ਹੋਣ ਦੇ ਸ਼ੰਕੇ ਕਾਰਨ ਸਰਕਾਰ ਨੇ ਬੰਦਰਗਾਹ ਦੇ ਕੁੱਝ ਅਧਿਕਾਰੀਆਂ ਨੂੰ ਨਜ਼ਰਬੰਦ ਕਰਨ ਦੇ ਵੀ ਹੁਕਮ ਦਿੱਤੇ ਹਨ।

ਜਾਂਚ ਇਸ ਗੱਲ ਦੀ ਸ਼ੁਰੂ ਕੀਤੀ ਗਈ ਹੈ ਕਿ ਕਿਸ ਤਰ੍ਹਾਂ 2,750 ਟੰਨ ਅਮੋਨੀਅਮ ਨਾਈਟ੍ਰੇਟ, ਜੋ ਕਿ ਬਹੁਤ ਹੀ ਧਮਾਕਾਖੇਜ਼ ਰਸਾਇਣ ਹੈ ਤੇ ਖਾਦ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਬੰਦਰਗਾਹ ਉੱਤੇ ਪਿਛਲੇ ਛੇ ਸਾਲਾਂ ਤੋਂ ਸਟੋਰ ਕਰਕੇ ਰੱਖਿਆ ਰਿਹਾ ਤੇ ਇਸ ਬਾਰੇ ਕੁੱਝ ਕਿਉਂ ਨਹੀਂ ਕੀਤਾ ਗਿਆ।

ਮੰਗਲਵਾਰ ਨੂੰ ਹੋਏ ਇਸ ਜ਼ੋਰਦਾਰ ਧਮਾਕੇ ਤੋਂ ਬਾਅਦ ਸੰਘਰਸ਼ ਕਰ ਰਹੇ ਲੈਬਨਾਨ ਦੀ ਮਦਦ ਲਈ ਕੌਮਾਂਤਰੀ ਉਡਾਨਾਂ ਦੇਸ਼ ਪਹੁੰਚਣ ਲੱਗੀਆਂ ਹਨ।



ਇਸ ਧਮਾਕੇ ਵਿੱਚ 135 ਲੋਕ ਮਾਰੇ ਗਏ ਜਦਕਿ 5000 ਦੇ ਨੇੜੇ ਤੇੜੇ ਲੋਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਸਿਹਤ ਮੰਤਰੀ ਹਾਮਦ ਹਸਨ ਨੇ ਦਿੱਤੀ। ਇਸ ਸ਼ਹਿਰ ਤੋਂ ਦੂਰ ਨੇੜੇ ਦੇ ਕਈ ਇਲਾਕਿਆਂ ਦੀਆਂ ਬਿਲਡਿੰਗਜ਼ ਨੂੰ ਭਾਰੀ ਨੁਕਸਾਨ ਪਹੁੰਚਿਆ। ਬੈਰੂਤ ਦੇ ਗਵਰਨਰ ਨੇ ਆਖਿਆ ਕਿ ਹਾਲਾਤ ਨੂੰ ਵੇਖਦਿਆ ਹੋਇਆਂ ਲੱਗਦਾ ਹੈ ਕਿ ਅੱਜ ਦੋ ਜਾਂ ਤਿੰਨ ਮਹੀਨੇ ਤੱਕ ਲੋਕ ਆਪਣੇ ਘਰਾਂ ਵਿੱਚ ਨਹੀਂ ਪਰਤ ਸਕਣਗੇ।

# ਟੋਰਾਂਟੋ ਦੇ ਅਪਾਰਟਮੈਂਟਸ, ਕੌਂਡੋਜ਼ ਦੀਆਂ ਸਾਂਝੀਆਂ ਥਾਂਵਾਂ ਉੱਤੇ ਮਾਸਕ ਲਾਉਣੇ ਹੋਏ ਲਾਜ਼ਮੀ




ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਬੁੱਧਵਾਰ ਨੂੰ ਪ੍ਰਭਾਵੀ ਹੋਏ ਨਵੇਂ ਬਾਇਲਾਅ ਤਹਿਤ ਹੁਣ ਲੋਕਾਂ ਨੂੰ ਆਪਣਾ ਅਪਾਰਟਮੈਂਟ ਤੇ ਕੌਂਡੋ ਛੱਡ ਕੇ ਬਾਹਰ ਜਾਣ ਤੋਂ ਪਹਿਲਾਂ ਮਾਸਕ ਲਾਉਣੇ ਹੋਣਗੇ।

ਰਿਹਾਇਸ਼ੀ ਇਮਾਰਤਾਂ ਦੀਆਂ ਸਾਂਝੀਆਂ ਥਾਂਵਾਂ ਉੱਤੇ ਫੇਸ ਮਾਸਕ ਲਾਏ ਜਾਣੇ ਲਾਜ਼ਮੀ ਹੋ ਗਏ ਹਨ।

ਪਿਛਲੇ ਹਫਤੇ ਸਿਟੀ ਕਾਉਂਸਲ ਵੱਲੋਂ ਬਾਇਲਾਅ ਪਾਸ ਕੀਤਾ ਗਿਆ ਸੀ ਜਿਸ ਤਹਿਤ ਲੌਬੀਜ਼, ਐਲੇਵੇਟਰਜ਼ ਤੇ ਲਾਂਡਰੀ ਰੂਮਜ਼ ਵਰਗੀਆਂ ਸਾਂਝੀਆਂ ਥਾਂਵਾਂ ਉੱਤੇ ਲੋਕਾਂ ਨੂੰ ਮਾਸਕ ਲਾਉਣੇ ਲਾਜ਼ਮੀ ਕੀਤੇ ਗਏ ਸਨ। ਇਸ ਬਾਇਲਾਅ ਨੇ ਵੱਡੀ ਜ਼ਿੰਮੇਵਾਰੀ ਬਿਲਡਿੰਗ ਦੇ ਮਾਲਕਾਂ ਅਤੇ ਪ੍ਰਾਪਰਟੀ ਮੈਨੇਜਰਜ਼ ਉੱਤੇ ਪਾ ਦਿੱਤੀ ਹੈ ਕਿ ਅਜਿਹੀ ਪਾਲਿਸੀ ਅਪਣਾਈ ਜਾਵੇ ਕਿ ਸਥਾਨਕ ਵਾਸੀਆਂ ਦਾ ਮਾਸਕ ਪਾਉਣਾ ਯਕੀਨੀ ਬਣਾਇਆ ਜਾਵੇ।

ਬੱਚੇ ਜਾਂ ਉਹ ਲੋਕ ਜਿਹੜੇ ਮੈਡੀਕਲ ਕੰਡੀਸ਼ਨ ਕਾਰਨ ਮਾਸਕ ਨਹੀਂ ਪਾ ਸਕਦੇ ਉਨ੍ਹਾਂ ਨੂੰ ਇਸ ਨਿਯਮ ਤੋਂ ਛੋਟ ਦਿੱਤੀ ਜਾਵੇਗੀ। ਸਿਟੀ ਕਾਉਂਸਲ ਨੇ ਇਸ ਨਿਯਮ ਤੇ ਹੋਰਨਾਂ ਕੁਝ ਬਾਇਲਾਅਜ਼ ਨੂੰ ਇੱਕ ਹਫਤੇ ਪਹਿਲਾਂ ਮਨਜ਼ੂਰੀ ਦਿੱਤੀ ਸੀ। ਇਹ ਸਭ ਚਾਰਾਜੋਈ ਸਿਟੀ ਵੱਲੋਂ ਤੀਜੇ ਪੜਾਅ ਵਿੱਚ ਦਾਖਲ ਹੋਣ ਕਾਰਨ ਕੀਤੀ ਜਾ ਰਹੀ ਹੈ।

# ਫਾਈਜ਼ਰ ਤੇ ਮੌਡਰਨਾ ਨਾਲ ਫੈਡਰਲ ਸਰਕਾਰ ਨੇ ਕੀਤੀ ਡੀਲ

ਓਟਵਾ, 6 ਅਗਸਤ (ਪੋਸਟ ਬਿਊਰੋ) : ਫੈਡਰਲ ਸਰਕਾਰ ਬਾਇਓਫਾਰਮਾਸਿਊਟੀਕਲ ਤੇ ਬਾਇਓਟੈਕਨੌਲੋਜੀ ਕੰਪਨੀਆਂ ਫਾਈਜ਼ਰ ਤੇ ਮੌਡਰਨਾ ਨਾਲ ਨਵੀਂ ਡੀਲ ਕਰਨ ਵਿੱਚ ਕਾਮਯਾਬ ਹੋ ਗਈ ਹੈ। ਇਸ ਡੀਲ ਤੋਂ ਬਾਅਦ ਹੁਣ 2021 ਵਿੱਚ ਕੈਨੇਡਾ ਨੂੰ ਵੈਕਸੀਨ ਦੀਆਂ ਕਈ ਮਿਲੀਅਨ ਡੋਜ਼ਿਜ਼ ਦੇਸ਼ ਭਰ ਵਿੱਚ ਵੰਡਣ ਲਈ ਮਿਲਣਗੀਆਂ।

ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਬੁੱਧਵਾਰ ਨੂੰ ਆਖਿਆ ਕਿ ਦੋ ਮਲਟੀਨੈਸ਼ਨਲ ਕਾਰਪੋਰੇਸ਼ਨਾਂ ਨਾਲ ਹੋਈ ਇਹ ਡੀਲ ਕੈਨੇਡਾ ਨੂੰ ਕਰੋਨਾਵਾਇਰਸ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕਰੇਗੀ। ਬੁੱਧਵਾਰ ਨੂੰ ਟੋਰਾਂਟੋ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਆਨੰਦ ਨੇ ਆਖਿਆ ਕਿ ਫਾਈਜ਼ਰ ਇਸ ਸਮੇਂ ਚਾਰ ਵੈਕਸੀਨਜ਼ ਉੱਤੇ ਕੰਮ ਕਰ ਰਹੀ ਹੈ ਤੇ ਇਸ ਦੇ ਕਲੀਨਿਕਲ ਟ੍ਰਾਇਲ ਵੀ ਚੱਲ ਰਹੇ ਹਨ। ਇਹ ਟ੍ਰਾਇਲ ਜਰਮਨੀ ਤੇ ਅਮਰੀਕਾ ਵਿੱਚ ਵੀ ਹੋ ਰਹੇ ਹਨ ਤੇ ਇਨ੍ਹਾਂ ਦੇ ਚੰਗੇ ਨਤੀਜੇ ਮਿਲ ਰਹੇ ਹਨ।



ਮੰਤਰੀ ਨੇ ਇਹ ਨਹੀ ਦੱਸਿਆ ਕਿ ਇਸ ਦੌਰਾਨ ਕਿੰਨੀਆ ਡੋਜ਼ਿਜ਼ ਕੈਨੇਡਾ ਲਈ ਵਿਕਸਤ ਕੀਤੀਆਂ ਜਾਣਗੀਆਂ ਤੇ ਨਾ ਹੀ ਇਹ ਕਾਂਟਰੈਕਟ ਕਿੰਨੇ ਡਾਲਰਜ਼ ਵਿੱਚ ਸਿਰੇ ਚੜ੍ਹਿਆ ਇਹ ਹੀ ਦੱਸਿਆ ਗਿਆ ਹੈ। ਇਸ ਮੌਕੇ ਇਨੋਵੇਸ਼ਨ ਮੰਤਰੀ ਨਵਦੀਪ ਬੈਂਸ, ਜੋ ਕਿ ਆਨੰਦ ਨਾਲ ਇਸ ਕਾਨਫਰੰਸ ਵਿੱਚ ਮੌਜੂਦ ਸਨ, ਨੇ ਸਰਕਾਰ ਵੱਲੋਂ ਵੱਖ ਵੱਖ ਥੈਰੇਪੀਜ਼ ਉੱਤੇ ਕੀਤੇ ਜਾ ਰਹੇ ਕੰਮ ਬਾਰੇ ਜਾਣਕਾਰੀ ਦਿੱਤੀ।

ਇਸ ਦੌਰਾਨ ਬੈਂਸ ਨੇ ਵੇਰੀਏਸ਼ਨ ਬਾਇਓਟੈਕਨੌਲੋਜ਼ੀਜ਼ ਇਨਕਾਰਪੋਰੇਸ਼ਨ (ਵੀਬੀਆਈ) ਰਾਹੀ ਕੈਨੇਡਾ ਵਿੱਚ ਵੈਕਸੀਨ ਦੇ ਵਿਕਾਸ ਲਈ 56 ਮਿਲੀਅਨ ਡਾਲਰ ਦੇਣ ਦਾ ਐਲਾਨ ਵੀ ਕੀਤਾ।

# ਕਾਉਂਸਲਰ ਜਿੰਮ ਕੈਰੀਯਾਨਿਸ ਆਫਿਸ ਪਰਤੇ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਉਂਸਲਰ ਜਿੰਮ ਕੈਰੀਯਾਨਿਸ ਇੱਕ ਵਾਰੀ ਮੁੜ ਆਪਣੇ ਆਫਿਸ ਆ ਗਏ ਹਨ। ਕਾਉਂਸਲ ਦੀ ਸੀਟ ਤੋਂ ਹਟਾਏ ਜਾਣ ਦੇ ਫੈਸਲੇ ਉੱਤੇ ਕੋਰਟ ਆਫ ਅਪੀਲ ਵੱਲੋਂ ਸਟੇਅ ਦਿੱਤੇ ਜਾਣ ਤੋਂ ਬਾਅਦ ਕੈਰੀਯਾਨਿਸ ਆਫਿਸ ਪਰਤੇ ਹਨ।




ਇਸ ਸਟੇਅ ਤੋਂ ਬਾਅਦ ਕੈਰੀਯਾਨਿਸ ਵਾਰਡ 22 ਦੀ ਆਪਣੀ ਸੀਟ ਉੱਤੇ ਮੁੜ ਦਾਅਵਾ ਕਰ ਸਕਣਗੇ। ਇਸ ਦੌਰਾਨ ਉਹ ਕੋਸ਼ਿਸ਼ ਕਰਨਗੇ ਕਿ ਉਨ੍ਹਾਂ ਦੀ ਅਪੀਲ ਕੈਨੇਡਾ ਦੇ ਸੁਪਰੀਮ ਕੋਰਟ ਵਿੱਚ ਸੁਣੀ ਜਾਵੇ। ਕੈਰੀਯਾਨਿਸ ਵੱਲੋਂ ਚੋਣਾਂ ਉੱਤੇ ਕੀਤੇ ਗਏ ਖਰਚੇ ਦੇ ਸਬੰਧ ਵਿੱਚ ਆਡਿਟ ਦੀ ਮੰਗ ਕਰਨ ਵਾਲੇ ਟੋਰਾਂਟੋ ਵਾਸੀ ਐਡਮ ਸ਼ੈਲਫ, ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਸਟੇਅ ਮੋਸ਼ਨ ਦੇ ਸਬੰਧ ਵਿੱਚ ਉਸ ਨੇ ਕੋਈ ਭੂਮਿਕਾ ਨਹੀਂ ਨਿਭਾਈ।

ਸ਼ੈਲਫ ਨੇ ਆਖਿਆ ਕਿ ਉਸਦੀ ਕੈਰੀਯਾਨਿਸ ਅਤੇ ਸਿਟੀ ਆਫ ਟੋਰਾਂਟੋ ਨਾਲ ਇਹ ਸਹਿਮਤੀ ਬਣੀ ਸੀ ਕਿ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੂੰ ਹੀ ਫੈਸਲਾ ਕਰਨ ਦੇਣਾ ਚਾਹੀਦਾ ਹੈ। ਉਸ ਨੇ ਇਹ ਵੀ ਆਖਿਆ ਕਿ ਇਹ ਸਟੇਅ ਆਰਜ਼ੀ ਹੈ ਤੇ ਇਹ ਉਦੋਂ ਤੱਕ ਹੀ ਰਹੇਗੀ ਜਦੋਂ ਤੱਕ ਸੁਪਰੀਮ ਕੋਰਟ ਅਪੀਲ ਸੁਣਨ ਜਾਂ ਨਾ ਸੁਣਨ ਬਾਰੇ ਫੈਸਲਾ ਕਰੇਗਾ।


# ਮਿਸੀਸਾਗਾ ਵਿੱਚ ਸਟੋਰੇਜ ਫੈਸਿਲਿਟੀ ਵਿੱਚੋਂ ਮਿਲੀ ਇੱਕ ਵਿਅਕਤੀ ਦੀ ਲਾਸ਼

ਮਿਸੀਸਾਗਾ, 6 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਦੀ ਸਟੋ-ਰੇਜ ਫੈਸਿਲਿਟੀ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਨੇ ਆਖਿਆ ਕਿ ਮਾਮਲਾ ਕਿਸੇ ਵੀ ਪਾਸਿਓਂ ਸ਼ੱਕੀ ਨਹੀਂ ਲੱਗ ਰਿਹਾ।

ਪੀਲ ਪੁਲਿਸ ਨੇ ਦੱਸਿਆ ਕਿ ਇਹ ਲਾਸ਼ ਡੈਰੀ ਰੋਡ ਅਤੇ ਟੌਰਬਰੈਮ ਰੋਡ ਇਲਾਕੇ ਵਿੱਚ ਸਵੇਰੇ 11:30 ਵਜੇ ਤੋਂ ਬਾਅਦ ਤਾਲਾਬੰਦ ਪਈ ਪਬਲਿਕ ਸਟੋਰੇਜ ਯੂਨਿਟ ਦੇ ਅੰਦਰੋਂ ਮਿਲੀ। ਕੌਰੋਨਰ ਨੂੰ ਸੱਦੇ ਜਾਣ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਕਿ ਇਸ ਵਿਅਕਤੀ ਦੀ ਮੌਤ ਨਸ਼ਿਆਂ ਕਾਰਨ ਹੋਈ ਹੈ ਅਤੇ ਇਸ ਵਿੱਚ ਕਿਸੇ ਕਿਸਮ ਦੀ ਮੁਜਰਮਾਨਾ ਗਤੀਵਿਧੀ ਨਜ਼ਰ ਨਹੀਂ ਆ ਰਹੀ।

ਪੁਲਿਸ ਨੇ ਇਹ ਨਹੀਂ ਦੱਸਿਆ ਕਿ ਇਸ ਵਿਅਕਤੀ ਦੀ ਲਾਸ਼ ਇੱਥੇ ਕਿੰਨੇ ਸਮੇਂ ਤੋਂ ਪਈ ਸੀ।


# ਫੰਡਿੰਗ ਦੀ ਘਾਟ ਕਾਰਨ ਕੈਨੇਡੀਅਨ ਦਵਾਈ ਨਿਰਮਾਤਾ ਕੰਪਨੀ ਵੈਕਸੀਨ ਦੇ ਟ੍ਰਾਇਲ ਅੱਗੇ ਤੋਰਨ ਵਿੱਚ ਅਸਮਰੱਥ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਦਵਾਈ ਨਿਰਮਾਤਾ ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਤਿਆਰ ਕੋਵਿਡ-19 ਵੈਕਸੀਨ ਦੇ ਜਾਨਵਰਾਂ ਉੱਤੇ ਨਤੀਜੇ ਕਾਫੀ ਵਧੀਆ ਰਹੇ ਹਨ ਪਰ ਸਰਕਾਰ ਤੋਂ ਫੰਡ ਹਾਸਲ ਕਰਨ ਲਈ ਭੇਜੀ ਗਈ ਅਰਜ਼ੀ ਉੱਤੇ ਕੋਈ ਜਵਾਬ ਨਹੀਂ ਮਿਲਿਆ ਹੈ। ਕੰਪਨੀ ਦਾ ਕਹਿਣਾ ਹੈ ਕਿ ਹੁਣ ਉਹ ਇਨਸਾਨਾਂ ਉੱਤੇ ਆਪਣੀ ਦਵਾਈ ਦਾ ਤਜਰਬਾ ਕਰਨਾ ਚਾਹੁੰਦੀ ਹੈ ਤੇ ਇਸ ਵਿੱਚ ਸਰਕਾਰ ਤੋਂ ਮਦਦ ਦੀ ਦਰਕਾਰ ਹੈ।

ਕੈਲਗਰੀ ਸਥਿਤ ਪ੍ਰੌਵੀਡੈਂਸ ਥੈਰੇਪਿਊਟਿਕਸ, ਜਿਸ ਵੱਲੋਂ ਕੈਂਸਰ ਦੀ ਦਵਾਈ ਐਮਆਰਐਨਏ (mRNA^) ਤਕਨੀਕ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ, ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ ਕਿ ਚੂਹਿਆਂ ਉੱਤੇ ਐਮਆਰਐਨਏ ਤਕਨੀਕ ਰਾਹੀਂ ਤਿਆਰ ਕੋਵਿਡ-19 ਸਬੰਧੀ ਇਸ ਵੈਕਸੀਨ ਦੇ ਨਤੀਜੇ ਇਸ ਤਕਨੀਕ ਨਾਲ ਤਿਆਰ ਹੋਰਨਾਂ ਵੈਕਸੀਨਜਲ ਤੋਂ ਕਾਫੀ ਵਧੀਆ ਰਹੇ।



ਕੰਪਨੀ ਦੇ ਚੀਫ ਸਾਇੰਟਿਫਿਕ ਆਫੀਸਰ ਐਰਿਕ ਮਾਰਕਸਨ ਨੇ ਇਕ ਪ੍ਰੈਸ ਰਲੀਜ ਵਿਚ ਆਖਿਆ ਕਿ ਉਹ ਆਪਣੀ ਵੈਕਸੀਨ ਦਾ ਮੁਕਾਬਲਾ ਕਿਸੇ ਵੀ ਹੋਰ ਵੈਕਸੀਨ ਨਾਲ ਕਰਨ ਲਈ ਤਿਆਰ ਹਨ। ਉਨ੍ਹਾਂ ਆਖਿਆ ਕਿ ਪ੍ਰੀਕਲੀਨਿਕਲ ਨਤੀਜਿਆਂ ਦੀ ਤੁਲਨਾ ਕਰਨਾ ਬਹੁਤ ਔਖਾ ਹੁੰਦਾ ਹੈ ਪਰ ਹੋਰਨਾਂ ਕੰਪਨੀਆਂ ਦੇ ਨਤੀਜਿਆਂ ਨਾਲੋਂ ਸਾਡੇ ਨਤੀਜੇ ਕਾਫੀ ਵਧੀਆ ਰਹੇ ਹਨ।

ਪ੍ਰੌਵੀਡੈਂਸ ਥੈਰੇਪਿਊਟਿਕਸ ਦੇ ਪ੍ਰੈਜ਼ੀਡੈਂਟ ਤੇ ਸੀਈਓ ਬ੍ਰੈਡ ਸੋਰੇਨਸਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਵੈਕਸੀਨ ਤੋਂ ਜਿੰਨੀ ਉਮੀਦ ਕੀਤੀ ਗਈ ਸੀ ਇਸ ਦੇ ਨਤੀਜੇ ਉਸ ਨਾਲੋਂ ਕਿਤੇ ਜ਼ਿਆਦਾ ਵਧੀਆ ਆਏ ਹਨ। ਉਨ੍ਹਾਂ ਆਖਿਆ ਕਿ ਅਸੀਂ ਇਸ ਵੈਕਸੀਨ ਨੂੰ ਕੋਵਿਡ-19 ਦੇ ਮਰੀਜ਼ਾਂ ਉੱਤੇ ਜਾਂਚਣ ਲਈ ਬੇਤਾਬ ਹਾਂ। ਐਮਆਰਐਨਏ ਦੀਆਂ ਹੋਰਨਾਂ ਵੈਕਸੀਨਜ਼ ਵਿੱਚੋਂ ਇੱਕ ਅਮਰੀਕਾ ਦੀ ਬਾਇਓਟੈਕਨਾਲੋਜੀ ਕੰਪਨੀ ਮੌਡਰਨਾ ਵੱਲੋਂ ਤਿਆਰ ਕੀਤੀ ਗਈ ਹੈ। ਇਸ ਕੰਪਨੀ ਨੂੰ ਅਮਰੀਕੀ ਸਰਕਾਰ ਵੱਲੋਂ ਸੈਂਕੜੇ ਮਿਲੀਅਨ ਡਾਲਰ ਦੀ ਮਦਦ ਦਿੱਤੀ ਗਈ ਹੈ। ਇਸ ਦੇ ਨਾਲ ਹੀ ਪਿਛਲੇ ਮਹੀਨੇ 30,000 ਅਮਰੀਕੀਆਂ ਨੂੰ ਵੀ ਇਸ ਦਵਾਈ ਦੇ ਸ਼ੌਟ ਲੱਗ ਚੁੱਕੇ ਹਨ। ਕੰਪਨੀ ਨੇ ਆਖਿਆ ਕਿ ਮਈ ਤੋਂ ਕੈਨੇਡੀਅਨ ਸਰਕਾਰ ਨੇ ਉਨ੍ਹਾਂ ਲਈ ਕੀਤੀ ਅਪੀਲ ਉਤੇ ਕੋਈ ਗੌਰ ਨਹੀਂ ਕੀਤਾ।

ਸੋਰੇਨਸਨ ਨੇ ਆਖਿਆ ਕਿ ਉਨ੍ਹਾਂ ਦੀ ਕੰਪਨੀ ਅਗਲੇ ਸਾਲ ਗਰਮੀਆਂ ਤੱਕ 5 ਮਿਲੀਅਨ ਵੈਕਸੀਨ ਤਿਆਰ ਕਰ ਸਕਦੀ ਹੈ ਪਰ ਫੈਡਰਲ ਸਰਕਾਰ ਦੀ ਮਦਦ ਤੋਂ ਬਿਨਾਂ ਉਹ ਅਜਿਹਾ ਕਰਨ ਵਿੱਚ ਅਸਮਰੱਥ ਹੋਵੇਗੀ।

# ਸਕੂਲਾਂ ਨੂੰ ਮੁੜ ਖੋਲ੍ਹਣ ਲਈ ਟੀਡੀਐਸਬੀ ਨੇ ਨਵੀ ਯੋਜਨਾ ਦਾ ਕੀਤਾ ਖੁਲਾਸਾ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) :ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਸਕੂਲਾਂ ਨੂੰ ਸੁੱਰਖਿਅਤ ਢੰਗ ਨਾਲ ਮੁੜ ਖੋਲ੍ਹਣ ਲਈ ਆਪਣੀ ਯੋਜਨਾ ਦਾ ਖੁਲਾਸਾ ਕੀਤਾ ਗਿਆ ਹੈ। ਓਨਟਾਰੀਓ ਸਰਕਾਰ ਵੱਲੋਂ ਆਪਣੀ ਰਣਨੀਤੀ ਐਲਾਨੇ ਜਾਣ ਤੋਂ ਇੱਕ ਹਫਤੇ ਬਾਅਦ ਟੀਡੀਐਸਬੀ ਨੇ ਇਹ ਖੁਲਾਸਾ ਕੀਤਾ।

ਕੱਲ੍ਹ ਸਪੈਸ਼ਲ ਕਮੇਟੀ ਦੀ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਬੋਰਡ ਨੇ ਰਿਟਰਨਿੰਗ ਟੂ ਸਕੂਲ : ਅ ਗਾਈਡ ਟੂ ਦ ਸੇਫ ਰੀਓਪਨਿੰਗ ਆਫ ਦ ਟੀਡੀਐਸਬੀ (Returning to school: A guide to the safe reopening of the TDSB) ਨਾਂ ਤੋਂ ਆਪਣੀ ਯੋਜਨਾ ਦਾ ਖੁਲਾਸਾ ਕੀਤਾ। ਜਦੋਂ ਕਲਾਸਾਂ ਦੇ ਆਕਾਰ ਦੀ ਗੱਲ ਆਈ ਤਾ ਟੀਡੀਐਸਬੀ ਨੇ ਆਖਿਆ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਕਲਾਸਾਂ ਦਾ ਆਕਾਰ ਵੱਡਾ ਨਾ ਹੋਵੇ।

ਓਨਟਾਰੀਓ ਸਰਕਾਰ ਚਾਹੁੰਦੀ ਹੈ ਕਿ ਸਕੂਲ ਬੋਰਡ ਕਿਸੇ ਵੀ ਕਲਾਸ ਵਿੱਚ ਇੱਕ ਵਾਰੀ ਵਿੱਚ 15 ਬੱਚਿਆਂ ਤੋਂ ਵੱਧ ਨੂੰ ਨਾ ਬਿਠਾਉਣ। ਫਿਰ ਭਾਵੇਂ ਉਨ੍ਹਾਂ ਨੂੰ ਬਦਲਵੇਂ ਦਿਨ ਬੁਲਾਇਆ ਜਾਵੇ ਜਾਂ ਉਨ੍ਹਾਂ ਦੇ ਸ਼ਡਿਊਲ ਵਿੱਚ ਫਰਕ ਰੱਖਿਆ ਜਾਵੇ। ਇਸ ਦੇ ਨਾਲ ਹੀ ਕਲਾਸਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਵਾਲੇ ਨਿਯਮ ਦੀ ਪਾਲਣਾ ਵੀ ਯਕੀਨੀ ਬਣਾਉਣ ਦੀ ਹਦਾਇਤ ਹੈ। ਕੋਈ ਮਾਪੇ ਜੇ ਬੱਚਿਆਂ ਨੂੰ ਘਰ ਤੋਂ ਹੀ ਪੜ੍ਹਾਉਣਾ ਚਾਹੁੰਦੇ ਹਨ ਤਾਂ ਬੋਰਡ ਵੱਲੋਂ ਉਸ ਦਾ ਵੀ ਸਵਾਗਤ ਕੀਤਾ ਜਾਵੇਗਾ।

ਬੋਰਡ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਚਾਰ ਰੋਜ਼ਾ ਸ਼ਡਿਊਲ ਦੇ ਹਿਸਾਬ ਨਾਲ ਸੱਦਿਆ ਜਾਵੇਗਾ। ਗਰੁੱਪ ਏ ਸਕੂਲ ਵਿੱਚ, ਗਰੁੱਪ ਬੀ ਵਿੱਚ ਬੱਚਿਆਂ ਨੂੰ ਘਰ ਰੱਖ ਕੇ ਹੀ ਪੜ੍ਹਾਈ ਕਰਵਾਈ ਜਾਵੇਗੀ। ਅਗਲੇ ਦਿਨ ਇਨ੍ਹਾਂ ਗਰੁੱਪਾਂ ਦੀ ਅਦਲਾ ਬਦਲੀ ਹੋ ਜਾਵੇਗੀ। ਇਸ ਤਰ੍ਹਾਂ ਵਿਦਿਆਰਥੀ ਹਰ ਸਮੈਸਟਰ ਵਿੱਚ ਦੋ ਸਬਜੈਕਟ ਪੂਰੇ ਕਰ ਲੈਣਗੇ। ਇਸ ਸਬੰਧ ਵਿੱਚ 50 ਪੰਨਿਆਂ ਦੀ ਗਾਈਡ ਤਿਆਰ ਕੀਤੀ ਗਈ ਹੈ ਜਿਸ ਵਿੱਚ ਕਈ ਤਰ੍ਹਾਂ ਦੇ ਸੇਫਟੀ ਮਾਪਦੰਡ ਦੱਸੇ ਗਏ ਹਨ ਜਿਨ੍ਹਾਂ ਦਾ ਵਿਦਿਆਰਥੀਆਂ ਤੇ ਸਟਾਫ ਨੂੰ ਪਾਲਣ ਕਰਨਾ ਹੋਵੇਗਾ।

ਬੋਰਡ ਨੇ ਆਖਿਆ ਕਿ ਸਕੂਲ ਆਉਣ ਤੋਂ ਪਹਿਲਾਂ ਸਟਾਫ ਤੇ ਵਿਦਿਆਰਥੀਆਂ ਨੂੰ ਕੋਵਿਡ-19 ਦੇ ਲੱਛਣਾਂ ਸਬੰਧੀ ਆਪਣੀ ਜਾਂਚ ਆਪ ਕਰਨੀ ਹੋਵੇਗੀ ਤੇ ਸਕੂਲ ਪਹੁੰਚਣ ਉਪਰੰਤ ਉਨ੍ਹਾਂ ਦੀ ਦੂਜੀ ਸਕ੍ਰੀਨਿੰਗ ਕੀਤੀ ਜਾਵੇਗੀ। ਇਸ ਦੌਰਾਨ ਵਿਦਿਆਰਥੀ ਆਪਣੇ ਨੌਨ ਮੈਡੀਕਲ ਮਾਸਕ ਵੀ ਲਾ ਸਕਦੇ ਹਨ ਤੇ ਨੌਨ ਮੈਡੀਕਲ ਮਾਸਕਸ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮੁਹੱਈਆ ਵੀ ਕਰਵਾਏ ਜਾਣਗੇ। ਮੈਡੀਕਲ ਕੰਡੀਸ਼ਨ ਵਾਲੇ ਵਿਦਿਆਰਥੀ ਜਾਂ ਸਟਾਫ ਨੂੰ ਬਣਦੀ ਛੋਟ ਵੀ ਦਿੱਤੀ ਜਾਵੇਗੀ।

ਸਕੂਲਾਂ ਦੀ ਰੀਓਪਨਿੰਗ ਦਾ ਮਾਮਲਾ ਵੀਰਵਾਰ ਨੂੰ ਹੋਣ ਵਾਲੀ ਬੋਰਡ ਦੀ ਵਿਸ਼ੇਸ਼ ਮੀਟਿੰਗ ਵਿੱਚ ਵੀ ਮੁੜ ਵਿਚਾਰਿਆ ਜਾਵੇਗਾ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca



"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Vaughan $499,000**



**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਪਹਿਲੀ ਗਲ਼ੋਂ ਬਿਮਾਰੀ ਨਹੀਂ ਅਜੇ ਲੱਥੀ,
ਜੰਮ ਪਈ ਚੀਨ ਦੇ ਵਿੱਚ ਹੈ ਹੋਰ ਮੀਆਂ।
ਲਗਦਾ ਕਦੀ ਕਿ ਮਾਰੂਗੀ ਮਾਰ ਇਹ ਵੀ,
ਲਗਦਾ ਕਦੀ ਕਿ ਫੋਕਾ ਇਹ ਸ਼ੋਰ ਮੀਆਂ।
ਅਮਰੀਕਾ ਵਿੱਚ ਤਾਂ ਚੋਰ ਵੀ ਸਾਧ ਜਾਪੇ,
ਹਰ ਕੋਈ ਚੀਨ ਨੂੰ ਕਹੇ ਜੀ ਚੋਰ ਮੀਆਂ।
ਮਾੜਾ ਬਦ ਤੋਂ ਸੀ ਗਾ ਬਦਨਾਮ ਸੁਣਿਆ,
ਬਣ ਗਈ ਇਹੋ ਹੈ ਸਮੇਂ ਦੀ ਤੋਰ ਮੀਆਂ।
ਧੂਤੂ ਸਾਰੇ ਜਦ ਕੱਢਣ ਪਏ ਸੁਰਾਂ ਇਹ ਹੀ,
ਕਰਨੀ ਰੱਦ ਇਹ ਹੁੰਦੀ ਫਿਰ ਬਾਤ ਮੀਆਂ।
ਕਿਹੜਾ ਸੱਚ ਜਾਂ ਕਿਹੜੀ ਕੁਝ ਗੱਲ ਝੂਠੀ,
ਕੱਢਿਆ ਜਾਵੇ ਨਾ ਅਰਥ ਅਰਥਾਤ ਮੀਆਂ।

ਤੀਸ ਮਾਰ ਖਾਂ

# ਪੰਜਾਬ ਦੇ ਕੈਬਨਿਟ ਮੰਤਰੀਆਂ ਨੇ ਬਾਜਵਾ ਤੇ ਦੂਲੋ ਨੂੰ ਕਾਂਗਰਸ ਵਿੱਚੋਂ ਕੱਢਣ ਦੀ ਮੰਗ ਚੁੱਕੀ

ਚੰਡੀਗੜ੍ਹ, 6 ਅਗਸਤ, (ਪੋਸਟ ਬਿਊਰੋ)- ਕਾਂਗਰਸ ਦੇ ਦੋ ਪਾਰਲੀਮੈਂਟ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਦੇ ਖਿਲਾਫਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਸਖਤ ਕਰਵਾਈ ਦੀ ਮੰਗ ਕਰਨ ਪਿੱਛੋਂਅੱਜ ਪੰਜਾਬ ਦੀ ਸਮੁੱਚੀ ਕੈਬਨਿਟ ਨੇ ਇਨ੍ਹਾਂ ਦੋਵਾਂ ਨੇਤਾਵਾਂ ਦੀਆਂ ਪਾਰਟੀ ਅਤੇ ਸਰਕਾਰ ਵਿਰੋਧੀ ਗਤੀਵਿਧੀਆਂ ਨੂੰ ਅਨੁਸ਼ਾਸਨ ਤੋੜਨਾ ਕਹਿ ਕੇ ਪਾਰਟੀ ਵਿਚੋਂ ਬਾਹਰ ਕੱਢ ਦੇਣ ਦੀ ਮੰਗ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਕਾਂਗਰਸ ਦੇ ਦੋ ਪਾਰਲੀਮੈਂਟ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਨੇ ਬੀਤੇ ਦਿਨੀਂ ਪੰਜਾਬ ਵਿੱਚ ਨਕਲੀ ਸ਼ਰਾਬ ਨਾਲ ਹੋਈਆਂ ਮੌਤਾਂ ਕਾਰਨ ਆਪਣੀ ਪਾਰਟੀ ਦੀ ਸਰਕਾਰ ਉੱਤੇ ਹਮਲਾ ਬੋਲਿਆ ਸੀ। ਇਸ ਦੇ ਵਿਰੋਧ ਵਿੱਚ ਬਾਜਵਾ ਤੇ ਦੂਲੋ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਕਰਦੇ ਹੋਏ ਅੱਜ ਕੈਬਨਿਟ ਮੰਤਰੀਆਂ ਨੇ ਕਿਹਾ ਕਿ ਦੋਵਾਂ ਰਾਜ ਸਭਾ ਮੈਂਬਰਾਂ ਦੀਆਂ ਇਨ੍ਹਾਂ ਕਾਰਵਾਈਆਂ ਬਾਰੇ ਪਾਰਟੀ ਹਾਈ ਕਮਾਨ ਨੂੰ ਤੁਰੰਤ ਅਤੇ ਸਖ਼ਤ ਕਦਮ ਚੁੱਕਣਾ ਚਾਹੀਦਾ ਹੈ। ਮੰਤਰੀਆਂ ਨੇ ਸਾਂਝਾ ਬਿਆਨ ਜਾਰੀ ਕਰਦੇ ਹੋਏ ਬਿਨਾਂ ਕਿਸੇ ਢਿੱਲ ਅਤੇ ਦੇਰੀ ਤੋਂ ਦੋਵਾਂ ਪਾਰਲੀਮੈਂਟ ਮੈਂਬਰਾਂ ਉੱਤੇ ਤੁਰੰਤ ਕਾਰਵਾਈਦੀ ਮੰਗ ਕੀਤੀ ਹੈ। ਦੋਵਾਂ ਪਾਰਲੀਮੈਂਟ ਮੈਂਬਰਾਂ ਵਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਸਮੇਤ ਰਾਜ ਸਰਕਾਰ



ਉੱਤੇ ਵਾਰ-ਵਾਰ ਹਮਲੇ ਕਰਨ ਦਾ ਜ਼ਿਕਰ ਕਰਦੇ ਮੰਤਰੀਆਂ ਨੇ ਕਿਹਾ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦਾ ਸਮਾਂ ਜਦੋਂ ਦੋ ਸਾਲ ਤੋਂ ਘੱਟ ਰਹਿੰਦਾ ਹੋਵੇ, ਓਦੋਂ ਅਨੁਸ਼ਾਸਨਹੀਣਤਾ ਸਹਿਣ ਨਹੀਂ ਕੀਤੀ ਜਾ ਸਕਦੀ।

ਪੰਜਾਬ ਦੇ ਮੰਤਰੀਆਂ ਨੇ ਇਨ੍ਹਾਂ ਦੋ ਨੇਤਾਵਾਂ ਵਲੋਂ ਨਕਲੀ ਸ਼ਰਾਬ ਦੇ ਮੁੱਦੇ ਉੱਤੇ ਰਾਜਨੀਤੀ ਕਰਨ ਬਾਰੇ ਕਿਹਾ ਕਿ ਦੋਵਾਂ ਐੱਮ ਪੀਜ਼ ਨੇ ਆਪਣੇ ਰਾਜ ਸਭਾ ਸਮੇਂ ਦੌਰਾਨ ਕਦੇ ਵੀ ਪੰਜਾਬ ਦੇ ਮਸਲੇ ਨਹੀਂ ਚੁੱਕੇ, ਜਦਕਿ ਉਹ ਇਸ ਰਾਜ ਦੀ ਨੁਮਾਇੰਦਗੀ ਕਰਦੇ ਹਨ। ਮੰਤਰੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਆਰਡੀਨੈਂਸ ਦੇ ਖਿਲਾਫ ਦੋਵਾਂ ਨੇ ਪਾਰਲੀਮੈਂਟ ਵਿਚ ਆਵਾਜ਼ ਨਹੀਂ ਚੁੱਕੀ, ਬੇਅਦਬੀ ਕੇਸਾਂ ਦੀ ਜਾਂਚ ਵਿਚ ਸੀ ਬੀ ਆਈ ਦੀ ਨਾਕਾਮੀਬਾਰੇਵੀ ਚੁੱਪਨਹੀਂ ਤੋੜੀ, ਪਰ ਨਕਲੀ ਸ਼ਰਾਬ ਦੀ ਘਟਨਾ ਨਾਲ ਨਿਪਟ ਰਹੀ ਸਰਕਾਰ ਵਿਰੁਧ ਰੋਸ ਕਰਨ ਲਈ ਪਾਰਟੀ ਅਤੇ ਸਰਕਾਰ ਵਿੱਚ ਗੱਲ ਕਰਨ ਦੀ ਥਾਂ ਇਸ ਬਾਰੇ ਸੀ ਬੀ ਆਈ ਅਤੇ ਈ ਡੀ ਤੋਂ ਜਾਂਚ ਲਈ ਗਵਰਨਰ ਕੋਲ ਪਹੁੰਚ ਕਰ ਕੇ ਪਾਰਟੀ ਅਤੇ ਸਰਕਾਰ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀਹੈ। ਉਨ੍ਹਾਂ ਕਿਹਾ ਕਿ ਸੀ ਬੀ ਆਈ ਜਾਂਚ ਦੀ ਲੋੜ ਉਦੋਂ ਹੈ, ਜਦੋਂ ਪੁਲਸ ਨਤੀਜੇ ਦੇਣ ਤੋਂ ਨਾਕਾਮ ਹੋਵੇ। ਉਨ੍ਹਾਂ ਕਿਹਾ ਕਿ ਬੇਅਦਬੀ ਕੇਸਾਂ ਦੀ ਜਾਂਚ ਵਿਚ ਸੀ ਬੀ ਆਈ ਦੀ ਯੋਗਤਾ ਦੀ ਕਮੀ ਤਾਂ ਸਾਰੇ ਪੰਜਾਬ ਨੇ ਵੇਖੀ ਹੈ ਅਤੇ ਅਖੀਰ ਇਹ ਕੇਸ ਰਾਜ ਦੀ ਪੁਲਸ ਹੱਲ ਕਰਨ ਲੱਗੀ ਹੋਈ ਹੈ। ਮੰਤਰੀਆਂ ਨੇ ਕਿਹਾ ਕਿ ਇੱਥੋਂ ਤੱਕ ਕਿਯੋਜਨਾਬੱਧ ਕੀਤੇ ਕਤਲਾਂ ਨੂੰ ਵੀ ਪੰਜਾਬ ਪੁਲਸ ਨੇ ਸੁਲਝਾਇਆ ਹੈ,ਸੀ ਬੀ ਆਈ ਨੇ ਨਹੀਂ।

ਇਨ੍ਹਾਂ ਮੰਤਰੀਆਂ ਨੇ ਦੋਸ਼ ਲਾਇਆ ਕਿ ਦੋਵੇਂ ਪਾਰਲੀਮੈਂਟ ਮੈਂਬਰ ਬਾਜਵਾ ਅਤੇ ਦੂਲੋ ਆਪਣੇ ਫਰਜ਼ ਨਿਭਾਉਣ ਦੀ ਥਾਂ ਆਪਣੀ ਸਰਕਾਰ ਨੂੰ ਅਸਥਿਰ ਕਰਨ ਦੀ ਤਾਕ ਵਿਚ ਹਨ ਅਤੇ ਅਜਿਹਾ ਸੱਤਾ ਦੀ ਲਾਲਸਾ ਲਈ ਕਰਦੇ ਹਨ ਜਾਂ ਉਨ੍ਹਾਂ ਲੋਕਾਂ ਦੀ ਸ਼ਹਿ ਨਾਲ ਕਰਦੇ ਹਨ, ਜੋ ਪੰਜਾਬ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੇ ਹਨ।

# ਫੇਸਬੁੱਕ, ਟਵਿੱਟਰ ਤੇ ਯੂਟਿਊਬ ਨੇ ਟਰੰਪ ਦੇ ਪੋਸਟ ਹਟਾਏ

## * ਤੱਥਾਂ ਤੋਂ ਰਹਿਤ ਪੋਸਟਾਂ ਪਾਉਣ ਦਾ ਦੋਸ਼

ਵਾਸ਼ਿੰਗਟਨ, 6 ਅਗਸਤ, (ਪੋਸਟ ਬਿਊਰੋ)- ਸੋਸ਼ਲ ਮੀਡੀਆ ਦੀ ਸੰਸਾਰ ਭਰ ਵਿੱਚ ਪ੍ਰਮੁੱਖ ਕੰਪਨੀ ਫੇਸਬੁੱਕ ਨੇ ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇਕ ਪੋਸਟ ਹਟਾ ਦਿੱਤਾ ਹੈ। ਡੋਨਾਲਡ ਟਰੰਪ ਨੇ ਇਸ ਵਿਚ ਕਿਹਾ ਸੀ ਕਿ ਕੋਵਿਡ-19 ਨਾਲ ਲੜਨ ਲਈ ਬੱਚੇ ਲਗਪਗ ਇਮਿਊਨ ਹਨ। ਫੇਸਬੁੱਕ ਨੇ ਇਸ ਨੂੰ ਭਰਮ ਪੈਦਾ ਕਰਦੀਆਂ ਸੂਚਨਾਵਾਂਬਾਰੇ ਆਪਣੀ ਨੀਤੀ ਦੇ ਖ਼ਿਲਾਫ਼ ਪਾਇਆ ਅਤੇ ਚਾਰ ਘੰਟਿਆਂ ਦੇ ਅੰਦਰ ਇਸ ਨੂੰ ਹਟਾ ਦਿੱਤਾ, ਪਰ ਤਦ ਤਕ ਪੰਜ ਲੱਖ ਲੋਕ ਇਸ ਨੂੰ ਦੇਖ ਚੁੱਕੇ ਸਨ। ਟਵਿੱਟਰ ਅਤੇ ਯੂਟਿਊਬ ਨੇ ਵੀ ਇਹ ਦਲੀਲ ਦੇ ਕੇ ਆਪਣੀ ਸਾਈਟ ਤੋਂ ਇਸ ਵੀਡੀਓ ਦਾ ਲਿੰਕ ਹਟਾ ਦਿੱਤਾ ਹੈ ਕਿ ਇਹ ਗੱਲ ਭਰਮ ਪੈਦਾ ਕਰਨ ਵਾਲੀ ਹੈ।

ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਫਾਕਸ ਨਿਊਜ਼ ਚੈਨਲ ਨੂੰ ਦਿੱਤੇ ਇੰਟਰਵਿਊ ਦਾ ਵੀਡੀਓ 'ਟਰੰਪ ਕੰਪੇਨ ਅਕਾਊਂਟ' ਤੋਂ ਫੇਸਬੁੱਕ ਉੱਤੇ ਪਾਇਆ ਗਿਆ ਸੀ। ਇਸੇ ਵਿਚ ਟਰੰਪ ਨੇ ਸਕੂਲ ਖੋਲ੍ਹਣ ਦੀ ਵਕਾਲਤ ਕਰਦੇ ਹੋਏ ਇਹ ਗੱਲ ਕਹੀ ਸੀ। ਬਹੁਤੇ ਮਾਹਿਰ ਟਰੰਪ ਦੀ ਰਾਏ ਨਾਲ ਸਹਿਮਤ ਨਹੀਂ। ਫੇਸਬੁੱਕ ਨੀਤੀ ਦੇ ਬੁਲਾਰੇ ਐਂਡੀ ਸਟੀਨ ਨੇ ਕਿਹਾ ਕਿ ਇਹ ਭਰਮ ਪੈਦਾ ਕਰਨ ਵਾਲੀ ਜਾਣਕਾਰੀ ਹੈ ਅਤੇ ਸਾਡੀ ਨੀਤੀ ਦੇ ਖ਼ਿਲਾਫ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਬਾਰੇ ਫੇਸਬੁੱਕ ਨੇ ਅਪ੍ਰੈਲ ਵਿਚ ਨਵੀਂ ਨੀਤੀ ਬਣਾਈ ਸੀ ਅਤੇ ਟਰੰਪ ਅਤੇ ਕਈ ਹੋਰ ਲੋਕ ਸ਼ੱਕੀ ਦਾਅਵਿਆਂ ਵਾਲੇ ਵੀਡੀਓ ਪਾ ਕੇ ਇਸ ਦੀ ਉਲੰਘਣਾ ਕਰਦੇ ਰਹੇ ਹਨ। ਅਪ੍ਰੈਲ ਵਿਚ ਵੀ ਟਰੰਪ ਨੇ ਸੁਝਾਅ ਦਿੱਤਾ ਸੀ ਕਿ ਕੋਰੋਨਾ ਦੇ ਇਲਾਜ ਵਾਸਤੇਰੇਅਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ। ਤਦ ਫੇਸਬੁੱਕ ਨੇ ਇਹ ਕਹਿ ਕੇ ਹੋਏ ਇਸ ਪੋਸਟ ਨੂੰ ਨਹੀਂ ਹਟਾਇਆ ਸੀ ਕਿ ਟਰੰਪ ਨੇ ਕਿਸੇ ਨੂੰ ਨਿਰਦੇਸ਼ ਨਹੀਂ ਦਿੱਤਾ ਅਤੇ ਫੇਸਬੁੱਕ ਵਿਚਾਰਾਂ ਦੀ ਆਜ਼ਾਦੀ ਦਾ ਹਮਾਇਤੀ ਹੈ ਅਤੇ ਇਸ ਫ਼ੈਸਲੇ ਨਾਲ ਕੰਪਨੀ ਦੀ ਨੀਤੀ ਵਿਚ ਕਿਸੇ ਬਦਲਾਅ ਦੇ ਸੰਕੇਤ



ਨਹੀਂ ਹਨ। ਕੰਪਨੀ ਦੇ ਮੋਢੀ ਮਾਰਕ ਜ਼ੁਕਰਬਰਗ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮ ਝੂਠ-ਸੱਚ ਦਾ ਫ਼ੈਸਲਾ ਨਹੀਂ ਕਰ ਸਕਦਾ, ਲੋਕਾਂ ਨੂੰ ਖ਼ੁਦ ਦੇਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਨੇਤਾ ਕਿਸ ਤਰ੍ਹਾਂ ਦੇ ਪੋਸਟ ਪਾ ਰਹੇ ਹਨ। ਇਸ ਵਿਚ ਟਰੰਪ ਵਰਗੇ ਆਗੂ ਦੇ ਝੂਠ ਨੂੰ ਵੀ ਸ਼ਾਮਲ ਕਰ ਸਕਦੇ ਹਾਂ।

ਇਸ ਤੋਂ ਪਹਿਲਾਂ ਜੂਨ ਵਿਚ ਫੇਸਬੁੱਕ ਨੇ 'ਟਰੰਪ ਕੰਪੇਨ' ਦੇ ਉਹ ਇਸ਼ਤਿਹਾਰ ਵੀ ਹਟਾ ਦਿੱਤੇ ਸਨ, ਜਿਨ੍ਹਾਂ ਵਿਚ ਨਾਜ਼ੀ ਚਿੰਨ੍ਹ ਦੀ ਵਰਤੋਂ ਕੀਤੀ ਗਈ ਸੀ। ਇਸ ਦੇ ਇਲਾਵਾ 2020 ਦੀ ਜਨਗਣਨਾ ਨਾਲ ਸਬੰਧਿਤ ਇਸ਼ਤਿਹਾਰ ਵੀ ਹਟਾ ਦਿੱਤਾ ਗਿਆ ਸੀ। ਟਵਿੱਟਰ ਨੇ ਆਪਣੀ ਸਾਈਟ ਤੋਂ ਇਸ ਵੀਡੀਓ ਦਾ ਲਿੰਕ ਹਟਾ ਦਿੱਤਾ ਹੈ। ਇਹ ਵੀ 'ਟਰੰਪ ਕੰਪੇਨ' ਦੇ ਅਕਾਊਂਟ ਤੋਂ ਪੋਸਟ ਕੀਤਾ ਗਿਆ ਸੀ। 'ਟਰੰਪ ਕੰਪੇਨ' ਦਾ ਕਹਿਣਾ ਹੈ ਕਿ ਫੇਸਬੁੱਕ ਨੇ ਕਿਸੇ ਦੇ ਪ੍ਰਭਾਵ ਹੇਠ ਇਹ ਕਦਮ ਚੁੱਕਿਆ ਹੈ। ਫੇਸਬੁੱਕ ਨੂੰ ਕੁਝ ਮਹੀਨਿਆਂ ਤੋਂ ਆਪਣੇ ਮੁਲਾਜ਼ਮਾਂ, ਇਸ਼ਤਿਹਾਰ ਦਾਤਿਆਂ ਅਤੇ ਮਨੁੱਖੀ ਅਧਿਕਾਰ ਵਰਕਰਾਂ ਦੇ ਭਾਰੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਇਹ ਕੰਪਨੀ ਟਰੰਪ ਦੇ ਝੂਠ,ਖ਼ਾਸ ਕਰ ਕੇ ਮੇਲ-ਇਨ-ਵੋਟਿੰਗ ਅਤੇ 'ਬਲੈਕ ਲਾਈਵਸ ਮੈਟਰ' ਬਾਰੇਉੱਤੇ ਰੋਕ ਨਹੀਂ ਲਾ ਰਹੀ। ਦੋ ਮਹੀਨੇ ਪਹਿਲੇ ਵੀ ਫੇਸਬੁੱਕ ਦੀ ਚੌਤਰਫ਼ਾ ਆਲੋਚਨਾ ਹੋਈ ਸੀ ਕਿ ਉਸ ਨੇ ਟਰੰਪ ਦੀ 29 ਮਈ ਵਾਲੀ ਟਿੱਪਣੀ ਉੱਤੇ ਕੋਈ ਕਾਰਵਾਈ ਨਹੀਂ ਕੀਤੀ। ਪੁਲਿਸ ਹਿਰਾਸਤ ਵਿਚ ਮਾਰੇ ਗਏ ਗੈਰ-ਗੋਰੇ ਅਮਰੀਕੀ ਜਾਰਜ ਫਲਾਇਡ ਦੇ ਬਾਰੇ ਫੇਸਬੁੱਕ ਅਤੇ ਇੰਸਟਾਗ੍ਰਾਮ ਉੱਤੇ ਇਹ ਪੋਸਟ ਲਿਖੀ ਗਈ ਸੀ, ਜਿਸ ਵਿਚ ਟਰੰਪ ਨੇ ਕਿਹਾ ਸੀ ਕਿ ਲੁੱਟ ਹੋਵੇਗੀ ਤਾਂ ਗੋਲ਼ੀ ਵੀ ਚੱਲੇਗੀ।

# ਤਖਤ ਪਟਨਾ ਸਾਹਿਬ ਦੇ ਪ੍ਰਧਾਨ ਵੱਲੋਂ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ

## * ਗਿਆਨੀ ਇਕਬਾਲ ਸਿੰਘ ਉੱਤੇ ਕਾਰਵਾਈ ਕਰਨ ਲਈ ਕਿਹਾ

ਪਟਨਾ, 6 ਅਗਸਤ, (ਪੋਸਟ ਬਿਊਰੋ)- ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਓਥੋਂ ਦੇ ਤਖਤ ਸਾਹਿਬ ਦੇ ਅਜੋਕੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੋਹਰ ਨੂੰ ਅੱਜ ਇੱਕ ਪੱਤਰ ਲਿਖ ਕੇਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਉੱਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਹ ਪੱਤਰ ਲਿਖਣ ਪਿੱਛੋਂ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਅਯੁੱਧਿਆ ਵਿਖੇ ਰਾਮ ਮੰਦਰ ਦੇ ਭੂਮੀ ਪੂਜਨਸਮਾਗਮ ਵਿਚ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਸ਼ਾਮਲ ਹੋਏ ਹਨ, ਪਰਉਹ ਇਸ ਵਕਤ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਨਹੀਂ, ਸਾਬਕਾ ਜਥੇਦਾਰ ਹਨ। ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੋਹਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ



ਗਿਆਨੀ ਇਕਬਾਲ ਸਿੰਘ ਨੂੰ ਸੱਦ ਕੇ ਇਸ ਦਾ ਸਪੱਸ਼ਟੀਕਰਨ ਲਿਆ ਜਾਵੇ ਅਤੇ ਬਣਦੀ ਕਾਰਵਾਈ ਕੀਤੀ ਜਾਵੇ।

ਵਰਨਣ ਯੋਗ ਹੈ ਕਿ ਗਿਆਨੀ ਇਕਬਾਲ ਸਿੰਘ ਨੇ ਕਿਹਾ ਹੈ ਕਿ ਉਹ ਅੱਜ ਤੱਕ ਵੀ ਕਾਨੂੰਨੀ ਤੌਰ ਉੱਤੇ ਤਖਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਹਨ ਤੇ ਨਵੀਂ ਬਣੀ ਪ੍ਰਬੰਧਕ ਕਮੇਟੀ ਨੇ ਜਾਅਲਸਾਜ਼ੀ ਕਰਕੇ ਉਨ੍ਹਾਂ ਤੋਂ ਤਖਤ ਸਾਹਿਬ ਦੀਆਂ ਸੇਵਾਵਾਂ ਖੋਹ ਕੇ ਗਿਆਨੀ ਰਣਜੀਤ ਸਿੰਘ ਨੂੰ ਮਰਿਆਦਾ ਸੇਵਾ ਸੌਂਪੀ ਹੈ,ਕਾਨੂੰਨੀ ਤੌਰ ਉੱਤੇਜਥੇਦਾਰ ਹੋਣ ਬਾਰੇ ਸਥਾਨਕ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਜੇ ਉਹ ਕੇਸ ਹਾਰ ਗਏ ਤਾਂ ਸੇਵਾ ਮੁਕਤ ਹੋ ਜਾਣਗੇ।

# ਨਸ਼ਿਆਂ ਦੇ ਚਾਰਜਿਜ਼ ਵਿੱਚ ਚੀਨ ਨੇ ਇੱਕ ਹੋਰ ਕੈਨੇਡੀਅਨ ਨੂੰ ਸੁਣਾਈ ਮੌਤ ਦੀ ਸਜ਼ਾ



ਬੀਜਿੰਗ, 6 ਅਗਸਤ (ਪੋਸਟ ਬਿਊਰੋ) : ਚੀਨ ਵੱਲੋਂ ਕੈਨੇਡਾ ਦੇ ਤੀਜੇ ਨਾਗਰਿਕ ਨੂੰ ਵੀ ਨਸ਼ਿਆਂ ਸਬੰਧੀ ਚਾਰਜਿਜ਼ ਤਹਿਤ ਮੌਤ ਦੀ ਸਜਲਾ ਸੁਣਾਈ ਗਈ ਹੈ। ਚੀਨ ਤੇ ਕੈਨੇਡਾ ਦੇ ਸਬੰਧ ਲੰਮੇਂ ਸਮੇਂ ਤੋਂ ਚੰਗੇ ਨਹੀਂ ਚੱਲ ਰਹੇ ਹਨ।

ਗੁਆਂਗਜ਼ੋਊ ਮਿਊਂਸਪਲ ਇੰਟਰਮੀਡੀਏਟ ਕੋਰਟ ਵੱਲੋਂ ਜ਼ੂ ਵੇਹੌਂਗ ਨੂੰ ਵੀਰਵਾਰ ਨੂੰ ਪੈਨਲਟੀ ਲਗਾਈ ਤੇ ਇਹ ਵੀ ਆਖਿਆ ਕਿ ਉਸ ਦੇ ਕਥਿਤ ਸਾਥੀ ਵੈਨ ਗੁਆਂਗਜ਼ਿਓਂਗ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਚੀਨ ਵਿੱਚ ਜੇ ਕਿਸੇ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਹ ਆਟੋਮੈਟਿਕਲੀ ਮੁਲਾਂਕਣ ਲਈ ਚੀਨ ਦੀ ਉੱਚ ਅਦਾਲਤ ਵਿੱਚ ਚਲੀ ਜਾਂਦੀ ਹੈ।


ਅਦਾਲਤ ਵੱਲੋਂ ਜਾਰੀ ਬਿਆਨ ਵਿੱਚ ਤਾਂ ਬਹੁਤਾ ਵੇਰਵਾ ਨਹੀਂ ਸੀ ਦਿੱਤਾ ਗਿਆ ਪਰ ਚੀਨ ਦੇ ਦੱਖਣੀ ਸ਼ਹਿਰ ਦੇ ਲੋਕਲ ਮੀਡੀਆ ਦੀਆਂ ਰਿਪੋਰਟਾਂ ਵਿੱਚ ਇਹ ਖੁਲਾਸਾ ਕੀਤਾ ਗਿਆ ਕਿ ਜ਼ੂ ਤੇ ਵੈਨ ਨੇ ਸਮਾਨ ਤੇ ਸੰਦ ਇੱਕਠੇ ਕੀਤੇ ਤੇ ਅਕਤੂਬਰ 2016 ਵਿੱਚ ਉਨ੍ਹਾਂ ਨਸ਼ੀਲਾ ਪਦਾਰਥ ਕੈਟਾਮਾਈਨ ਬਣਾਉਣਾ ਸ਼ੁਰੂ ਕਰ ਦਿੱਤਾ। ਫਿਰ ਉਨ੍ਹਾਂ ਨੇ ਤਿਆਰ ਮਾਲ ਜ਼ੂ ਦੇ ਘਰ ਗੁਆਂਗਜ਼ੋਊ ਹਾਇਜ਼ੂ ਡਿਸਟ੍ਰਿਕਟ ਵਿੱਚ ਸਟੋਰ ਕਰ ਦਿੱਤਾ।

ਬਾਅਦ ਵਿਚ ਪੁਲਿਸ ਨੇ 120 ਕਿੱਲੋ ਨਸ਼ੀਲਾ ਪਦਾਰਥ ਜ਼ੂ ਦੇ ਘਰ ਤੇ ਇੱਕ ਹੋਰ ਪਤੇ ਤੋਂ ਬਰਾਮਦ ਕੀਤਾ। ਕੈਟਾਮਾਈਨ ਬਹੁਤ ਹੀ ਦਮਦਾਰ ਪੇਨ ਕਿਲਰ ਹੈ। ਚੀਨ ਤੇ ਹੋਰਨਾਂ ਥਾਂਵਾਂ ਉੱਤੇ ਇਸ ਦੀ ਕਲੱਬ ਜਾਣ ਵਾਲਿਆਂ ਤੇ ਹੋਰਨਾਂ ਲੋਕਾਂ ਵਿੱਚ ਬਹੁਤ ਮਕਬੂਲੀਅਤ ਹੈ।

# ਜੰਮੂ-ਕਸ਼ਮੀਰ ਦੇ ਨਵੇਂ ਲੈਫਟੀਨੈਂਟ ਗਵਰਨਰ ਬਣਾਏ ਮਨੋਜ ਸਿਨ੍ਹਾ ਸ਼੍ਰੀਨਗਰ ਪੁੱਜੇ

## * ਸਾਬਕਾ ਲੈਫਟੀਨੈਂਟ ਗਵਰਨਰ ਭਾਰਤ ਦੇ ਨਵੇਂ 'ਕੈਗ' ਬਣਾਏ ਗਏ

ਨਵੀਂ ਦਿੱਲੀ, 6 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਵਜੋਂ ਗਿਰੀਸ਼ ਚੰਦਰ ਮੁਰਮੂ ਦੇ ਅਸਤੀਫੇ ਤੋਂ ਬਾਅਦ ਭਾਜਪਾ ਨੇਤਾ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਮਨੋਜ ਸਿਨ੍ਹਾ ਨੂੰ ਇਸ ਰਾਜ ਦਾ ਨਵਾਂ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ ਹੈ। ਮਨੋਜ ਸਿਨ੍ਹਾ ਇਸ ਨਿਯੁਕਤੀ ਪਿੱਛੋਂ ਜੰਮੂ-ਕਸ਼ਮੀਰ ਪਹੁੰਚ ਗਏ ਹਨ।



ਇਸ ਤੋਂ ਪਹਿਲਾਂ ਅੱਜਕੇਂਦਰ ਸਰਕਾਰ ਨੇ ਸਾਬਕਾ ਕੇਂਦਰੀ ਮੰਤਰੀ ਮਨੋਜ ਸਿਨ੍ਹਾ ਨੂੰ ਗਿਰੀਸ਼ ਚੰਦਰ ਮੁਰਮੂ ਦੀ ਥਾਂ ਜੰਮੂ-ਕਸ਼ਮੀਰ ਦਾ ਨਵਾਂ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਸੀ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕੇਂਦਰੀ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਗਿਰੀਸ਼ ਚੰਦਰ ਮੁਰਮੂ ਦਾ ਅਸਤੀਫਾ ਪ੍ਰਵਾਨ ਕਰਨ ਪਿੱਛੋਂ ਮਨੋਜ ਸਿਨ੍ਹਾ ਨੂੰ ਇਸ ਅਹੁਦੇ ਲਈ ਨਿਯੁਕਤ ਕੀਤਾ ਹੈ। ਜੰਮੂ-ਕਸ਼ਮੀਰ ਦੇ ਪੁਨਰਗਠਨ ਤੋਂ ਬਾਅਦ ਪਿਛਲੇ ਸਾਲ 31 ਅਕਤੂਬਰ ਨੂੰ ਮੁਰਮੂ ਨੇ ਲੈਫਟੀਨੈਂਟ ਗਵਰਨਰ ਦਾ ਅਹੁਦਾ ਸੰਭਾਲਿਆ ਸੀ। ਨਰਿੰਦਰ ਮੋਦੀ ਸਰਕਾਰ ਦੇ ਪਹਿਲੇ ਰਾਜ ਦੌਰਾਨਭਾਜਪਾ ਨੇਤਾ ਮਨੋਜ ਸਿਨਹਾ ਰੇਲ ਰਾਜ ਮੰਤਰੀ ਸਨ। ਉਨ੍ਹਾਂ ਨੇ ਗਾਜ਼ੀਪੁਰ ਤੋਂ ਚੋਣ ਦੋਬਾਰਾ ਲੋਕ ਸਭਾ ਲੜੀ, ਪਰ ਜਿੱਤ ਨਹੀਂਸੀ ਸਕੇ। ਜੰਮੂ ਕਸ਼ਮੀਰ ਦੇ ਸਾਬਕਾ ਲੈਫਟੀਨੈਂਟ ਗਵਰਨਰ ਗਿਰੀਸ਼ ਚੰਦਰ ਮੁਰਮੂ ਨੂੰ 'ਕੈਗ' (ਕੰਪਟਰੋਲਰ ਐਂਡ ਆਡੀਟਰ ਜਨਰਲ ਆਫ ਇੰਡੀਆ) ਦਾ ਮੁਖੀ ਬਣਾਇਆ ਗਿਆ ਹੈ। ਕੱਲ੍ਹ ਉਨ੍ਹਾਂ ਨੇ ਲੈਫਟੀਨੈਂਟ ਗਵਰਨਰ ਅਹੁਦੇ ਤੋਂ ਅਚਾਨਕ ਸ਼ਾਮ ਅਸਤੀਫਾ ਦੇ ਦਿੱਤਾ ਅਤੇਮੀਡੀਆ ਰਿਪੋਰਟਸ ਵਿਚ ਕਿਆਸ ਲਾਏ ਜਾ ਰਹੇ ਸਨ ਕਿ ਉਨ੍ਹਾਂ ਨੂੰ 'ਕੈਗ' ਬਣਾਇਆ ਜਾ ਸਕਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ


ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation (with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਮੇਅਰ ਪੈਟਰਿਕ ਬਰਾਊਨ ਦੀ ਚਿੱਠੀ ਅਸਲ ਮੁੱਦੇ ਵੱਲ ਇਸ਼ਾਰਾ ਕਰਕੇ ਵੀ ਬੇਅਸਰ ਕਿਉਂ?

ਪਿਛਲੇ ਦਿਨੀਂ ਮੇਅਰ ਪੈਟਰਿਕ ਬਰਾਊਨ ਨੇ ਫੈਡਰਲ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ, ਨਿਆਂ ਮੰਤਰੀ ਡੇਵਿਡ ਲਾਮੇਟੀ, ਉਂਟੇਰੀਓ ਦੀ ਸਾਲੀਸਟਰ ਜਨਰਲ ਸਿਲਵੀਆ ਜੋਨਜ਼ ਅਤੇ ਅਟਾਰਨੀ ਜਰਨਲ ਡੱਗ ਡਾਊਨੀ ਨੂੰ ਇੱਕ ਸਾਂਝਾ ਪੱਤਰ ਲਿਖਿਆ। ਇਸ ਪੱਤਰ ਦੀਆਂ ਕਾਪੀਆਂ ਬਰੈਂਪਟਨ ਦੇ ਸਾਰੇ ਕਾਊਂਸਲਰਾਂ, ਬਰੈਂਪਟਨ ਦੀ ਨੁਮਾਇੰਦਗੀ ਕਰਨ ਵਾਲੇ ਸਮੂਹ ਐਮ ਪੀਆਂ ਅਤੇ ਐਮ ਪੀ ਪੀਆਂ ਨੂੰ ਵੀ ਭੇਜੀਆਂ ਗਈਆਂ। ਪੱਤਰ ਦਾ ਮਜ਼ਬੂਨ ਅਤੇ ਸਮੱਗਰੀ ਪੀਲ ਪੁਲੀਸ ਦੇ ਮੁਖੀ ਨਿਸ਼ਾਨ ਦੁਆਰੀਅੱਪਾ ਦੇ ਇੱਕ ਬਿਆਨ ਉੱਤੇ ਆਧਾਰਿਤ ਹੈ। ਵਰਨਣਯੋਗ ਹੈ ਕਿ ਬਰੈਂਪਟਨ ਵਿੱਚ ਬੀਤੇ ਦਿਨੀਂ 27 ਸਾਲਾ ਡਾਰਨੈੱਲ ਰੀਡ ਨੇ ਆਪਣੀ 25 ਸਾਲਾ ਪਰੇਮਿਕਾ ਡਾਰੀਅਨ ਹੇਲੀ ਦਾ ਕਤਲ ਕਰ ਦਿੱਤਾ ਸੀ। ਅਦਾਲਤ ਵੱਲੋਂ ਡਾਰਨੈੱਲ ਰੀਡ ਨੂੰ ਡਾਰੀਅਨ ਨਾਲ ਕੋਈ ਸੰਪਰਕ ਨਾ ਰੱਖਣ ਲਈ ਚਾਰ ਵਾਰ ਹੁਕਮ ਕੀਤੇ ਗਏ ਸਨ ਜਿਸਦੇ ਬਾਵਜੂਦ ਇਹ ਹਾਦਸਾ ਵਾਪਰ ਗਿਆ। ਪੁਲੀਸ ਮੁਖੀ ਦੇ ਬਿਆਨ ਦਾ ਸਾਰ ਇਹ ਸੀ ਕਿ ਪੁਲੀਸ ਵੱਲੋਂ ਤਾਂ ਮੁਜਰਮਾਂ ਨੂੰ ਫੜਿਆ ਜਾਂਦਾ ਹੈ ਪਰ ਨਿਆਂ ਸਿਸਟਮ ਦੀਆਂ ਕਮਜ਼ੋਰੀਆਂ ਕਾਰਣ ਉਹ ਬਰੀ ਹੋ ਜਾਂਦੇ ਹਨ।

ਮੇਅਰ ਬਰਾਊਨ ਦਾ ਪੱਤਰ ਸਾਡੇ ਸਮਾਜ ਵਿੱਚ ਮੁਜ਼ਰਮਾਂ ਨਾਲ ਸਿੱਝਣ ਵਾਸਤੇ ਕੋਰਟ ਕਚਹਿਰੀਆਂ ਅਤੇ ਪੁਲੀਸ ਦੇ ਰੋਲ ਦੇ ਗੰਭੀਰ ਮੁੱਦੇ ਵੱਲ ਧਿਆਨ ਦੁਅਉਂਦਾ ਹੈ। ਮੇਅਰ ਬਰਾਊਨ ਨੇ ਆਪਣੇ ਪੱਤਰ ਵਿੱਚ ਕੁੱਝ ਅੰਕੜੇ ਵੀ ਦਿੱਤੇ ਹਨ ਜੋ ਸਾਡੇ ਖੋਖਲੇ ਹੋ ਚੁੱਕੇ ਸਿਸਟਮ ਦੀਆਂ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੇ ਹਨ। ਮਿਸਾਲ ਵਜੋਂ ਇਸ ਸਾਲ ਪੀਲ ਰੀਜਨ ਵਿੱਚ ਹੋਏ 31 ਕਤਲਾਂ ਵਿੱਚੋਂ 13 ਦੀ ਜੜ ਪਰਿਵਾਰਕ ਝਗੜੇ ਸਨ, ਨਜ਼ਦੀਕੀ ਸਾਥੀਆਂ (intimate partners) ਵੱਲੋਂ ਸਤਾਏ ਲੋਕਾਂ ਨੇ ਮਦਦ ਵਾਸਤੇ 10,818 ਫੋਨ ਕਾਲਾਂ ਕੀਤੀਆਂ ਅਤੇ 3107 ਵਿਰੁੱਧ ਚਾਰਜ ਲਾਏ ਗਏ। ਇਸਦੇ ਬਾਵਜੂਦ ਜਿੱਥੇ ਤੱਕ ਮੇਅਰ ਬਰਾਊਨ ਵੱਲੋਂ ਮੁੱਦਾ ਚੁੱਕੇ ਜਾਣ ਦਾ ਸੁਆਲ ਹੈ, ਇਹ ਮਹਿਜ਼ ਇੱਕ ਸਿਆਸੀ ਬਿਆਨਬਾਜ਼ੀ ਤੋਂ ਇਲਾਵਾ ਕੁੱਝ ਵਿਖਾਈ ਨਹੀਂ ਦੇਂਦਾ।

ਕਿਉਂਕਿ ਪੁਲੀਸ ਮੁਖੀ ਨੇ ਨਿਆਂ ਸਿਸਟਮ ਨੂੰ ਖੋਖਲਾ ਆਖਣ ਦੀ ਹਿੰਮਤ ਕੀਤੀ ਤਾਂ ਮੇਅਰ ਬਰਾਊਨ ਨੇ ਇਸ ਸਨਸਨੀਖੇਜ ਬਿਆਨ ਦਾ ਸਿਹਰਾ ਆਪਣੇ ਸਿਰ ਬੰਨਣ ਵਿੱਚ ਕੋਈ ਢਿੱਲ ਨਹੀਂ ਕੀਤੀ। ਮੇਅਰ ਨੂੰ ਖੁਦ ਜਨਤਾ ਦੇ ਦਰਬਾਰ ਵਿੱਚ ਦੱਸਣਾ ਚਾਹੀਦਾ ਹੈ ਕਿ ਮਿਊਂਸੀਪਲ ਚੋਣਾਂ ਤੋਂ ਪਹਿਲਾਂ 7 ਸਤੰਬਰ 2018 ਨੂੰ ਉਸਨੇ ਐਲਾਨ ਕੀਤਾ ਸੀ ਕਿ ਫਰੰਟ ਲਾਈਨ ਪੁਲੀਸ ਅਫ਼ਸਰਾਂ ਦੀ ਨਫ਼ਰੀ ਵਿੱਚ ਵਾਧਾ ਕਰਨਾ ਅਤੇ Crisis Outreach and Support Team ਪ੍ਰੋਗਰਾਮ ਨੂੰ ਮਜ਼ਬੂਤ ਕਰਨਾ ਉਸਦੇ ਪਹਿਲੇ ਕੰਮਾਂ ਵਿੱਚੋਂ ਇੱਕ ਹੋਵੇਗਾ। ਕੀ ਪੁੱਛਿਆ ਜਾ ਸਕਦਾ ਹੈ ਕਿ ਮੇਅਰ ਦੀ ਕੁਰਸੀ ਉੱਤੇ ਬਿਰਾਜਮਾਨ ਹੋਣ ਤੋਂ ਦੋ ਸਾਲ ਬਾਅਦ ਵੀ ਇਹਨਾਂ ਮੁੱਦਿਆਂ ਬਾਰੇ ਕੁੱਝ ਕੀਤੇ ਜਾਣ ਬਾਰੇ ਉਸਦਾ ਕੋਈ ਬਿਆਨ ਹਾਲੇ ਤੱਕ ਕਿਉਂ ਵਿਖਾਈ ਨਹੀਂ ਦਿੱਤਾ ਹੈ? ਭਾਵ ਉਸਦੇ ਪੱਤਰ ਨੂੰ ਵੱਧ ਤੋਂ ਵੱਧ 'ਹੋਰਾਂ ਨੂੰ ਮੱਤਾਂ' ਵਾਲਾ ਆਖਿਆ ਜਾ ਸਕਦਾ ਹੈ ਪਰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ।

ਜੇ ਪੁਲੀਸ ਦੀ ਗੱਲ ਕੀਤੀ ਜਾਵੇ ਤਾਂ ਮਾਲਟਨ ਵਿੱਚ ਪੁਲੀਸ ਹੱਥੋਂ ਮਾਰੇ ਗਏ ਮਾਨਸਿਕ ਰੋਗੀ ਈਜਾਜ ਚੌਧਰੀ ਦੇ ਕੇਸ ਦੀ ਜਾਂਚ ਕਰਨ ਵਾਲੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸ ਆਈ ਯੂ) ਕੋਲ ਉਸ ਪੁਲੀਸ ਅਫ਼ਸਰ ਨੇ ਬਿਆਨ ਦਰਜ਼ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਹੈ ਜਿਹੜਾ ਇਸ ਘਟਨਾ ਵਿੱਚ ਸਿੱਧੇ ਰੂਪ ਵਿੱਚ ਸ਼ਾਮਲ ਸੀ। ਪੁਲੀਸ ਸਰਵਿਸਜ਼ ਐਕਟ ਦੀ ਧਾਰਾ 267/10 ਦੇ ਸੈਕਸ਼ਨ 3 ਮੁਤਾਬਕ ਕਿਸੇ (ਖਤਰਨਾਕ) ਘਟਨਾ ਵਿੱਚ ਇੱਕ ਜਾਂ ਵੱਧ ਪੁਲੀਸ ਅਫ਼ਸਰਾਂ ਦੇ ਸ਼ਾਮਲ ਹੋਣ ਦੀ ਸੂਰਤ ਵਿੱਚ ਪੁਲੀਸ ਮੁਖੀ ਦਾ ਇਹ ਫਰਜ਼ ਬਣਦਾ ਹੈ ਕਿ ਐਸ ਆਈ ਯੂ ਨੂੰ ਜਾਂਚ ਲਈ ਸੰਪਰਕ ਕਰੇ। ਪਰ ਕੈਨੇਡੀਅਨ ਚਾਰਟਰ ਤਹਿਤ ਕਿਸੇ ਘਟਨਾ ਵਿੱਚ ਸ਼ਾਮਲ ਪੁਲੀਸ ਅਫ਼ਸਰ ਨੂੰ ਬਿਆਨ ਦੇਣ ਜਾਂ ਆਪਣੇ ਨੋਟ ਸਾਂਝੇ ਕਰਨ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

ਈਜਾਜ਼ ਚੌਧਰੀ ਕਾਂਡ ਸਮੇਤ ਪਿਛਲੇ ਇੱਕ ਸਾਲ ਵਿੱਚ ਪੀਲ ਵਿੱਚ ਤਿੰਨ ਵਾਰਦਾਤਾਂ ਹੋ ਚੁੱਕੀਆਂ ਹਨ ਜਿਹਨਾਂ ਵਿੱਚ ਐਸ ਆਈ ਯੂ ਦੁਆਰਾ ਘਟਨਾਵਾਂ ਵਿੱਚ ਸ਼ਾਮਲ ਪੁਲੀਸ ਅਫ਼ਸਰਾਂ ਤੋਂ ਬਿਆਨ ਨਹੀਂ ਲਏ ਜਾ ਸਕੇ। ਐਸ ਆਈ ਯੂ ਦੇ ਸਾਬਕਾ ਡਾਇਰੈਕਟਰ ਹਾਵਰਡ ਮੌਰਟਨ ਸਮੇਤ ਅਨੇਕਾਂ ਮਾਹਰ ਸਮੇਂ ਸਮੇਂ ਉੱਤੇ ਮੰਗ ਕਰ ਚੁੱਕੇ ਹਨ ਕਿ ਜੇ ਪੁਲੀਸ ਦੇ ਵਤੀਰੇ ਵਿੱਚ ਸੁਧਾਰ ਕਰਨਾ ਹੈ ਤਾਂ ਪੁਲੀਸ ਅਫ਼ਸਰਾਂ ਨੂੰ ਆਪਣੇ ਕੀਤੇ ਬਾਰੇ ਬਿਆਨ ਦੇਣ ਲਈ ਮਜ਼ਬੂਰ ਕੀਤਾ ਜਾਣਾ ਲਾਜ਼ਮੀ ਹੈ। ਜਦੋਂ ਪੁਲੀਸ ਅਤੇ ਨਿਆਂ ਸਿਸਟਮ ਵਿੱਚ ਸੁਧਾਰ ਦੀ ਗੱਲ ਚੱਲਦੀ ਹੈ ਤਾਂ ਮੇਅਰ ਬਰਾਊਨ ਸਮੇਤ ਸਿਆਸਤਦਾਨਾਂ ਨੂੰ 'ਸਿਆਸੀ ਸਿਹਰੇਬਾਜ਼ੀ' ਵਾਲੇ ਬਿਆਨਾਂ ਤੋਂ ਉੱਪਰ ਉੱਠ ਕੇ ਗੱਲ ਕਰਨੀ ਚਾਹੀਦੀ ਹੈ।

## ਢਿੱਲੋਂ ਨੂੰ ਤਿੰਨ ਮਹੀਨੇ ਲਈ ਕੀਤਾ ਗਿਆ ਸਸਪੈਂਡ

...ਪੰਨਾ 1 ਦਾ ਬਾਕੀ

ਨਵੰਬਰ ਵਿੱਚ ਵਾਪਰੀ ਇਸ ਕਥਿਤ ਘਟਨਾ ਦੀ ਰਿਕਾਰਡਿੰਗ ਸੁਣਨ ਤੋਂ ਬਾਅਦ ਤੇ ਮੁੱਦੇ ਨੂੰ ਵਿਚਾਰੇ ਜਾਣ ਮਗਰੋਂ ਮੇਅਰ ਪੈਟ੍ਰਿਕ ਬ੍ਰਾਊਨ ਨੇ ਕਾਉਂਸਲ ਨੂੰ ਆਖਿਆ ਕਿ ਸਾਡੇ ਕੋਲ ਇੱਕ ਸ਼ਿਕਾਇਤਕਰਤਾ ਹੈ ਜਿਸ ਨੇ ਸਬੂਤ ਪੇਸ਼ ਕੀਤੇ ਹਨ ਕਿ ਕੁੱਝ ਬਹੁਤ ਮਾੜਾ ਵਾਪਰਿਆ ਹੈ। ਉਨ੍ਹਾਂ ਆਖਿਆ ਕਿ ਇੰਟੇਗ੍ਰਿਟੀ ਕਮਿਸ਼ਨਰ ਦੀ ਜਾਂਚ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਬਹੁਤ ਸਖ਼ਤ ਹਨ ਪਰ ਮਿਉਂਸਪਲ ਐਕਟ ਤਹਿਤ ਇਹ ਸਭ ਤੋਂ ਵੱਡੀ ਪੈਨਲਟੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਕਾਉਂਸਲ ਨੂੰ ਇਨ੍ਹਾਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਅਪਨਾਉਣ ਦੀ ਸਲਾਹ ਦਿੰਦੇ ਹਨ। ਬਿਨਾਂ ਤਨਖਾਹ ਤਿੰਨ ਮਹੀਨੇ ਸਸਪੈਂਡ ਕੀਤੇ ਜਾਣ ਤੋਂ ਇਲਾਵਾ ਢਿੱਲੋਂ ਨੂੰ ਕਥਿਤ ਵਿਕਟਿਮ ਤੋਂ ਰਸਮੀ ਤੌਰ ਉੱਤੇ ਮੁਆਫੀ ਮੰਗਣ ਦਾ ਹੁਕਮ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਕਨੌਮਿਕ ਡਿਵੈਲਪਮੈਂਟ ਐਂਡ ਕਲਚਰ ਕਮੇਟੀ ਦੇ ਚੇਅਰ ਵਜੋਂ ਹਟਾ ਦਿੱਤਾ ਗਿਆ ਹੈ, ਈ-ਮੇਲ ਤੋਂ ਇਲਾਵਾ ਸਥਾਨਕ ਵਾਸੀਆਂ ਨਾਲ ਸਿੱਧੇ ਗੱਲ ਕਰਨ ਤੋਂ ਵਰਜਿਆ ਗਿਆ ਹੈ, ਓਨਟਾਰੀਓ ਤੋਂ ਬਾਹਰ ਸਿਟੀ ਦੇ ਕੰਮਕਾਜ ਲਈ ਟਰੈਵਲ ਕਰਨ ਉੱਤੇ ਪਾਬੰਦੀ ਲਾਈ ਗਈ ਹੈ, ਸਿਟੀ ਕਾਉਂਸਲ ਦੀਆਂ ਮੀਟਿੰਗਾਂ ਵਿੱਚ ਹਿੱਸਾ ਨਾ ਲੈਣ ਦੇ ਹੁਕਮ ਦਿੱਤੇ ਗਏ ਹਨ।

## ਕੈਨੇਡਾ ਉੱਤੇ ਨਵੇਂ ਐਲੂਮੀਨੀਅਮ ਟੈਰਿਫ ਲਾਉਣ ਦੀ ਤਿਆਰੀ ਕਰ ਰਿਹਾ ਹੈ ਅਮਰੀਕਾ

...ਪੰਨਾ 1 ਦਾ ਬਾਕੀ

ਟਰੰਪ ਨੇ ਇਹ ਵੀ ਆਖਿਆ ਕਿ ਨਵੇਂ ਟੈਰਿਫਜ਼ ਦੀ ਬੇਹੱਦ ਲੋੜ ਹੈ। ਉਨ੍ਹਾਂ ਆਖਿਆ ਕਿ ਉਹ ਹਮੇਸ਼ਾਂ ਅਮੈਰੀਕਨ ਵਰਕਰਜ਼ ਨੂੰ ਹੀ ਪਹਿਲ ਦੇਣਗੇ। ਇਸ ਲਈ ਉਨ੍ਹਾਂ ਨੂੰ ਜੇ ਟੈਰਿਫ ਵੀ ਲਾਉਣੇ ਪੈਂਦੇ ਹਨ ਤਾਂ ਉਹ ਜ਼ਰੂਰ ਲਾਉਣਗੇ। ਇੱਕ ਟਵੀਟ ਕਰਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕੈਨੇਡੀਅਨ ਵਰਕਰਜ਼ ਲਈ ਖੜ੍ਹੇ ਹੋਣ ਦਾ ਤਹੱਈਆ ਪ੍ਰਗਟਾਇਆ ਤੇ ਜਵਾਬੀ ਕਾਰਵਾਈ ਕਰਨ ਦੇ ਫਰੀਲੈਂਡ ਵੱਲੋਂ ਦਿੱਤੇ ਬਿਆਨ ਦੀ ਹਾਮੀ ਭਰੀ। ਟਰੂਡੋ ਨੇ ਇਹ ਵੀ ਆਖਿਆ ਕਿ ਅਮਰੀਕਾ ਨੂੰ ਕੈਨੇਡੀਅਨ ਐਲੂਮੀਨੀਅਮ ਦੀ ਲੋੜ ਹੈ ਕਿਉਂਕਿ ਘਰੇਲੂ ਮੈਨੂਫੈਕਚਰਿੰਗ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਕੋਲ ਬਹੁਤਾ ਐਲੂਮੀਨੀਅਮ ਨਹੀਂ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਦੋਵਾਂ ਦੇਸ਼ਾਂ ਦੇ ਐਲੂਮੀਨੀਅਮ ਐਸੋਸਿਏਸ਼ਨ ਗਰੁੱਪਜ਼ ਵੱਲੋਂ ਟਰੰਪ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਜਾ ਰਹੀ ਹੈ ਤੇ ਇਹ ਵੀ ਆਖਿਆ ਜਾ ਰਿਹਾ ਹੈ ਕਿ ਇਹ ਸਹੀ ਪਹੁੰਚ ਨਹੀਂ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੁਸ਼ਾਂਤ ਕੇਸ ਵਿੱਚ ਸੀ ਬੀ ਆਈ ਵੱਲੋਂ ਕੇਸ ਦਰਜ, ਰਿਆ ਦਾ ਨਾਂਅ ਵੀ ਸ਼ਾਮਿਲ

### * ਇੱਕ ਹੋਰ ਐਕਟਰੈੱਸ ਵੱਲੋਂ ਫੇਸਬੁੱਕ ਲਾਈਵ ਹੋਣ ਪਿੱਛੋਂ ਖੁਦਕੁਸ਼ੀ

ਮੁੰਬਈ, 6 ਅਗਸਤ, (ਪੋਸਟ ਬਿਊਰੋ)- ਬਾਲੀਵੁੱਡ ਦੇ ਪ੍ਰਸਿੱਧ ਹੀਰੋ ਸੁਸ਼ਾਂਤ ਸਿੰਘ ਰਾਜਪੂਤ ਦੀ ਖੁਦਕੁਸ਼ੀਦੇ ਕੇਸ ਦੀ ਜਾਂਚਕਰਨ ਲੱਗੀ ਸੀ ਬੀ ਆਈ ਨੇ ਅੱਜ ਬਾਕਾਇਦਾ ਕੇਸ (ਐੱਫ ਆਈ ਆਰ) ਦਰਜ ਕਰ ਕੇ ਇਸ ਵਿੱਚ ਸੁਸ਼ਾਂਤ ਦੀ ਗਰਲਫ੍ਰੈਂਡ ਰਿਆ ਚੱਕਰਵਰਤੀ ਅਤੇ ਉਨ੍ਹਾਂ ਦੇ ਭਰਾ ਸ਼ੋਵਿਕ ਚੱਕਰਵਰਤੀ ਦਾ ਵੀ ਨਾਮ ਪਾ ਲਿਆ ਹੈ।

ਮਿਲੀ ਸੂਚਨਾ ਅਨੁਸਾਰ ਸੀ ਬੀ ਆਈ ਨੇ ਇੰਡੀਅਨ ਪੀਨਲ ਕੋਡ ਦੀ ਧਾਰਾ 306, 341, 342, 420, 406 ਅਤੇ 506 ਦਾ ਕੇਸ (ਐੱਫ ਆਈ ਆਰ) ਦਰਜ ਕਰ ਕੇ ਇਸ ਪਰਚੇ ਵਿੱਚ ਰਿਆ ਚੱਕਰਵਰਤੀ, ਸ਼ੋਵਿਕ ਚੱਕਰਵਰਤੀ, ਇੰਦਰਜੀਤ ਚੱਕਰਵਰਤੀ, ਸੰਧਿਆ ਚੱਕਰਵਰਤੀ, ਸੈਮੂਅਲ ਮਿਰਾਂਡਾ, ਸ਼ਰੁਤੀ ਮੋਦੀ ਤੇ ਹੋਰ ਦੇ ਨਾਮ ਸ਼ਾਮਲ ਕੀਤੇ ਹਨ।ਅਦਾਕਾਰਾ ਰਿਆ ਚੱਕਰਵਰਤੀ ਉੱਤੇ ਅਪਰਾਧਿਕ ਸਾਜ਼ਿਸ਼ ਤੇ ਸੁਸ਼ਾਂਤ ਰਾਜਪੂਤ ਨੂੰ ਖੁਦਕੁਸ਼ੀ ਲਈ ਉਕਸਾਉਣ ਦਾ ਦੋਸ਼ ਹੈ। ਵਰਨਣ ਯੋਗ ਹੈ ਕਿ ਰਿਆ ਚੱਕਰਵਰਤੀ ਦੇ ਖਿਲਾਫ ਸੁਸ਼ਾਂਤ ਸਿੰਘ ਰਾਜਪੂਤ ਦੇ ਪਿਤਾ ਕੇ ਕੇ ਸਿੰਘ ਨੇ ਪਟਨਾ ਵਿੱਚਕੇਸ ਦਰਜ ਕਰਵਾਇਆ ਅਤੇ ਕਈ ਗੰਭੀਰ ਦੋਸ਼ ਲਾਏ ਸਨ।ਸੀ ਬੀ ਆਈ ਨੇ ਆਪਣਾਕੇਸ ਪਟਨਾ ਵਿੱਚ ਦਰਜ ਕੇਸ ਦੇ ਆਧਾਰ ਉੱਤੇਬਣਾਇਆ ਹੈ। ਕੇਂਦਰੀ ਜਾਂਚ ਬਿਊਰੋ ਨੇ ਇਸ ਕੇਸ ਵਿੱਚ ਰਿਆ ਚੱਕਰਵਰਤੀ, ਉਸ ਦੇ ਪਿਤਾ ਇੰਦਰਜੀਤ ਚੱਕਰਵਰਤੀ, ਮਾਂ ਸੰਧਿਆ ਚੱਕਰਵਰਤੀ ਅਤੇ ਭਰਾ ਸ਼ੋਭਿਕ ਚੱਕਰਵਰਤੀ ਦੇ ਨਾਲ ਸੈਮੂਅਲ ਮਿਰਿੰਡਾ, ਸ਼ਰੁਤੀ ਮੋਦੀਅਤੇ ਕੁਝ ਹੋਰਨਾਂ ਨੂੰ ਦੋਸ਼ੀ ਰੱਖਿਆ ਹੈ। ਇਸ ਦੀ ਜਾਂਚ ਲਈ ਸੀ ਬੀ ਆਈ ਨੇ ਏ ਐੱਸ ਪੀ ਅਨਿਲ ਕੁਮਾਰ ਯਾਦਵ ਨੂੰ ਜਾਂਚ ਅਧਿਕਾਰੀ ਬਣਾਇਆ ਹੈ।ਬਿਹਾਰ ਪੁਲਿਸ ਨੇ ਇਸ ਕੇਸ ਨਾਲ ਜੁੜੇ ਦਸਤਾਵੇਜ਼ ਸੀ ਬੀ ਆਈ ਨੂੰ ਸੌਂਪ ਦਿੱਤੇ ਹਨ। ਇਸ ਚਰਚਿਤ ਖੁਦਕੁਸ਼ੀ ਕੇਸ ਵਿੱਚਬਿਹਾਰ ਪੁਲਿਸ ਨੇ ਅੱਜ ਤਕ ਜਿਨ੍ਹਾਂ ਲੋਕਾਂ ਦੇ ਬਿਆਨ ਲਏ ਤੇ ਜਾਂਚ ਵਿੱਚ ਜਿਹੜੇ ਨਤੀਜੇ ਨਿਕਲੇ ਹਨ, ਉਹ ਜਾਣਕਾਰੀਆਂ ਸੀ ਬੀ ਆਈ ਨੂੰ ਦੇ ਦਿੱਤੀਆਂ ਜਾਣਗੀਆਂ।

ਖੁਦਕੁਸ਼ੀ ਕਰ ਗਏ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੇ ਪਿਤਾ ਕੇਕੇ ਸਿੰਘ ਨੇ ਪਟਨਾ ਦੇ ਰਾਜੀਵ ਨਗਰ ਥਾਣੇਵਿੱਚਸ਼ਿਕਾਇਤ ਲਿਖਾਈ ਸੀ, ਜਿਸਤੋਂ ਬਾਅਦ ਪਟਨਾ ਪੁਲਿਸ ਦੀ ਇਕ ਟੀਮ ਜਾਂਚ ਕਰਨ ਲਈ ਮੁੰਬਈ ਗਈ ਸੀ, ਪਰ ਓਥੇ ਉਸ ਨੂੰ ਮੁੰਬਈ ਪੁਲਿਸ ਦਾ ਸਹਿਯੋਗ ਨਹੀਂ ਮਿਲਿਆ ਤੇ ਬਿਹਾਰ ਟੀਮ ਦੇ ਆਈਪੀ ਐੱਸ ਅਫਸਰ ਵਿਨੇ ਤਿਵਾੜੀ ਨੂੰ ਜ਼ਬਰਦਸਤੀ ਕੁਆਰੰਟਾਈਨ ਕਰ ਦਿੱਤਾ ਗਿਆ ਸੀ।

ਇਸ ਦੌਰਾਨ ਅੱਜ ਇੱਕ ਹੋਰ ਐਕਟਰੈੱਸ ਨੇ ਖੁਦਕੁਸ਼ੀ ਕਰ ਲਈ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਬਹੁਤ ਸਾਰੇ ਕਲਾਕਾਰਾਂ ਨੇ ਖੁਦਕੁਸ਼ੀ ਕੀਤੀ ਹੈ। ਅੱਜ ਭੋਜਪੁਰੀ ਅਦਾਕਾਰਾ ਅਨੁਪਮਾ ਪਾਠਕ ਨੇ ਖੁਦਕੁਸ਼ੀ ਕਰ ਲਈ ਹੈ। ਇਕ ਨਿਊਜ਼ ਏਜੰਸੀ ਦੇ ਟਵੀਟ ਦੇ ਅਨੁਸਾਰ ਉਸ ਦੀ ਲਾਸ਼ ਮੁੰਬਈ ਦੇ ਦਹਿਸਰ ਵਿੱਚ ਇੱਕ ਘਰ ਵਿੱਚ ਲਟਕੀ ਮਿਲੀ ਹੈ। 40 ਸਾਲਾ ਅਨੁਪਮਾ ਦੀ ਖੁਦਕੁਸ਼ੀ ਕਰਨ ਦੀ ਖ਼ਬਰ ਸਭ ਨੂੰ ਹੈਰਾਨ ਕਰ ਰਹੀ ਹੈ। ਉਹ ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਸੋਸ਼ਲ ਮੀਡੀਆ ਉੱਤੇ ਲਾਈਵ ਆਈ ਅਤੇ ਲੋਕਾਂ ਸਾਹਮਣੇ ਆਪਣੇ ਦਿਲ ਦੀ ਗੱਲ ਕਹੀ ਸੀ। ਉਸ ਨੇ ਆਪਣੇ ਫੇਸਬੁੱਕ ਲਾਈਵ ਵਿੱਚ ਕਿਹਾ ਸੀ ਕਿ ਕਿਸੇ ਉੱਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਨਾਲ ਆਪਣੀ ਵੀਡੀਓ ਵਿੱਚ ਉਸ ਨੇ ਦੱਸਿਆ ਕਿ ਉਸ ਨਾਲ ਧੋਖਾ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਅਨੁਪਮਾ ਦੇ ਫਲੈਟ ਤੋਂ ਇਕ ਸੁਸਾਈਡ ਨੋਟ ਮਿਲਿਆ ਹੈ ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਮੈਂ ਇਕ ਦੋਸਤ ਦੀ ਬੇਨਤੀ ਉੱਤੇ ਮਲਾਡ ਦੀ ਵਿਜ਼ਡਮ ਪ੍ਰੋਡਿਊਸਰ ਕੰਪਨੀ ਵਿੱਚ 10,000 ਰੁਪਏ ਦਾ ਨਿਵੇਸ਼ ਕੀਤਾ ਸੀ। ਕੰਪਨੀ ਦਸੰਬਰ 2019 ਵਿੱਚ ਮੇਰੇ ਪੈਸੇ ਮੋੜਨ ਵਾਲੀ ਸੀ, ਮੋੜਨਤੋਂ ਇਨਕਾਰ ਕਰ ਰਹੀ ਹੈ। ਉਸ ਨੇ ਸੁਸਾਈਡ ਨੋਟ ਵਿੱਚ ਮਨੀਸ਼ ਝਾਅ ਨਾਮ ਦੇ ਇੱਕ ਵਿਅਕਤੀ ਦਾ ਜ਼ਿਕਰ ਵੀ ਕੀਤਾ ਹੈ।

## ਕੈਨੇਡਾ ਦਾ ਪਾਦਰੀ ਮਿਆਂਮਾਰ ਵਿੱਚ ਭਰਮ ਪਾਉਣ ਦੇ ਦੋਸ਼ ਵਿੱਚ ਗ੍ਰਿਫਤਾਰ

### * ਕਹਿੰਦਾ ਸੀ: ਈਸਾਈਆਂ ਨੂੰ ਕੋਰੋਨਾ ਨਹੀਂ ਹੋਵੇਗਾ
### * ਖੁਦ ਵੀ ਕੋਰੋਨਾ ਪਾਜ਼ਿਟਿਵ ਨਿਕਲਿਆ ਹੈ ਕੈਨੇਡੀਅਨ ਪਾਦਰੀ

ਮਿਆਂਮਾਰ, 6 ਅਗਸਤ, (ਪੋਸਟ ਬਿਊਰੋ)- ਇਕ ਕੈਨੇਡੀਆਈ ਪਾਦਰੀ ਨੂੰ ਮਿਆਂਮਾਰ ਵਿੱਚਕੋਰੋਨਾ-ਵਾਇਰਸ ਨਾਲ ਸਬੰਧਿਤ ਨਿਯਮ ਤੋੜਨ ਦੇ ਦੋਸ਼ ਵਿਚ 3 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਡੇਵਿਡ ਲਾ ਨਾਂਅ ਦਾ ਇਹ ਕੈਨੇਡਾ ਦਾ ਨਾਗਰਿਕ ਪਾਦਰੀ ਅੱਜਕੱਲ੍ਹ ਮਿਆਂਮਾਰ ਵਿਚ ਰਹਿ ਰਿਹਾ ਹੈ। ਉਹ ਇਹ ਪ੍ਰਚਾਰ ਕਰਦਾ ਸੀ ਕਿ ਈਸਾਈ ਧਰਮ ਨੂੰ ਮੰਨਣ ਵਾਲਿਆਂ ਨੂੰ ਕੋਰੋਨਾ ਨਾਲ ਕੁਝ ਨਹੀਂ ਹੋਵੇਗਾ, ਜਦ ਕਿ ਉਹ ਖੁਦ ਵੀ ਕੋਰੋਨਾ ਪਾਜ਼ੇਟਿਵ ਪਾਇਆ ਗਿਆ ਹੈ।

ਅੱਜ ਵੀਰਵਾਰ ਨੂੰ ਮਿਆਂਮਾਰ ਦੀ ਇਕ ਅਦਾਲਤ ਨੇ ਕੈਨੇਡੀਅਨ ਪਾਦਰੀ ਡੇਵਿਡ ਲਾ ਨੂੰ ਕੋਰੋਨਾਵਾਇਰਸ ਬਾਰੇਲਾਗੂ ਹੋਨਿਯਮ ਤੋੜਨ ਦਾ ਦੋਸ਼ੀ ਪਾਇਆ ਅਤੇ ਉਨ੍ਹਾਂ ਨੂੰ 3 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।ਕੈਨੇਡੀਆਈ ਪਾਦਰੀ ਨੇ ਯੰਗੂਨ ਵਿਚ ਈਸਾਈਆਂ ਦੀ ਇਕ ਵੱਡੀ



ਸਭਾ ਨੂੰ ਸੰਬੋਧਿਤ ਕੀਤਾ ਸੀ।

43 ਸਾਲ ਦੇ ਡੇਵਿਡ ਲਾ ਦਾ ਜਨਮ ਮਿਆਂਮਾਰ ਵਿਚ ਹੋਇਆ ਸੀ, ਪਰ ਪਿੱਛੋਂ ਕੈਨੇਡਾ ਚਲੇ ਗਏ ਸਨ। ਉਨ੍ਹਾਂ ਨੇ ਬੀਤੇ ਅਪ੍ਰੈਲ ਵਿਚ ਏਥੇ ਓਦੋਂ ਧਾਰਮਿਕ ਸਮਾਗਮ ਕੀਤਾ ਸੀ, ਜਦੋਂ ਪੂਰੇ ਮਿਆਂਮਾਰ ਵਿਚ ਭੀੜ ਜਮ੍ਹਾ ਕਰਨ ਦੀ ਪਾਬੰਦੀ ਲੱਗੀ ਹੋਈ ਸੀ। ਇਸ ਤੋਂ ਬਾਅਦ ਪਾਦਰੀ ਅਤੇ ਉਨ੍ਹਾਂ ਦੇ 20 ਸਮਰਥਕ ਕੋਰੋਨਾ ਪਾਜ਼ੇਟਿਵ ਨਿਕਲੇ ਸਨ। ਉਨ੍ਹਾਂ ਨੇ ਕੋਰੋਨਾ ਦੇ ਬਾਰੇ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਜੇ ਤੁਹਾਡੇ ਦਿਲ ਵਿਚ ਈਸਾ ਮਸੀਹ ਵੱਸਦੇ ਹਨ ਤਾਂ ਤੁਹਾਨੂੰ ਕਦੇ ਬੀਮਾਰੀ (ਕੋਰੋਨਾ) ਨਹੀਂ ਹੋਵੇਗੀ। ਉਨ੍ਹਾਂ ਦਾ ਇਹ ਭਾਸ਼ਣ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਇਆ ਸੀ।

## ਫਲਾਇਡ ਦੀ ਗ੍ਰਿਫ਼ਤਾਰੀ ਦੌਰਾਨ ਪੁਲਸ ਬਾਡੀ ਕੈਮਰਾ ਫੁਟੇਜ ਕਿਵੇਂ ਹਾਸਲ ਹੋਇਆ, ਜਾਂਚ ਜਾਰੀ

ਲੈਸਟਰ, 6 ਅਗਸਤ (ਪੋਸਟ ਬਿਊਰੋ)- ਮਿਨਿਆਸੋਟਾ ਦੀ ਅਦਾਲਤ ਇਹ ਜਾਂਚ ਕਰ ਰਹੀ ਹੈ ਕਿ ਬਰਤਾਨੀਆ ਦੀ ਇੱਕ ਅਖ਼ਬਾਰ ਨੂੰ ਗੈਰ ਗੋਰੇ ਵਿਅਕਤੀ ਜਾਰਜ ਫਲਾਇਡ ਦੀ ਗ੍ਰਿਫ਼ਤਾਰੀ ਅਤੇ ਮੌਤ ਦੌਰਾਨ ਦਾ ਪੁਲਸ ਬਾਡੀ ਕੈਮਰਾ ਫੁਟੇਜ ਕਿਵੇਂ ਮਿਲਿਆ। ਫਲਾਇਡ ਨੂੰ 25 ਮਈ ਨੂੰ ਗ੍ਰਿਫ਼ਤਾਰ ਕਰਨ ਵਾਲੇ ਮਿਨਿਆ-ਪੋਲਿਸ ਦੇ ਦੋ ਪੁਲਸ ਅਫਸਰਾਂ ਦੇ ਬਾਡੀ-ਕੈਮਰੇ ਤੋਂ ਮਿਲੀ ਵੀਡੀਓ ਦੇ ਕੁਝ ਹਿੱਸਿਆ ਨੂੰ ਡੇਲੀ ਮੇਲ ਨੇ ਜਾਰੀ ਕੀਤਾ ਸੀ। ਹੇਨੇਪਿਨ ਕਾਊਂਟੀ ਦੇ ਜੱਜ ਨੇ ਪਿਛਲੇ ਮਹੀਨੇ ਪੱਤਰਕਾਰਾਂ ਅਤੇ ਹੋਰ ਲੋਕਾਂ ਨੂੰ ਮਨਜ਼ੂਰੀ ਲੈ ਕੇ ਫੁਟੇਜ ਦੇਖਣ ਦੀ ਇਜਾਜ਼ਤ ਦਿੱਤੀ ਸੀ, ਪਰ ਸਮਾਚਾਰ ਸੰਗਠਨਾਂ ਦੀ ਵੀਡੀਓ ਜਨਤਕ ਰੂਪ ਨਾਲ ਪੇਸ਼ ਕਰਾਉਣ ਦੀ ਮੰਗ 'ਤੇ ਉਨ੍ਹਾਂ ਨੇ ਕੋਈ ਫੈਸਲਾ ਨਹੀਂ ਲਿਆ ਸੀ।

## ਕਸ਼ਮੀਰ ਮੁੱਦੇ ਉੱਤੇ ਪਾਕਿਸਤਾਨ ਵੱਲੋਂ ਓ ਆਈ ਸੀ ਨੂੰ ਧਮਕੀ

### * ਮੁਸਲਿਮ ਦੇਸ਼ਾਂ ਨੂੰ ਕਸ਼ਮੀਰ ਲਈ ਇਕੱਠੇ ਨਾ ਕਰਨ ਦਾ ਦੋਸ਼

ਇਸਲਾਮਾਬਾਦ, 6 ਅਗਸਤ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਨੂੰ ਇਸ5 ਅਗਸਤ ਨੂੰ ਇਕ ਸਾਲ ਪੂਰਾ ਹੋ ਗਿਆ ਹੈ। ਇਸ ਫੈਸਲੇ ਖ਼ਿਲਾਫ਼ ਪਾਕਿਸਤਾਨ ਨੇ ਸਾਰੇ ਸੰਸਾਰ ਦੇ ਸੰਗਠਨਾਂ ਨੂੰ ਅਪੀਲ ਕੀਤੀ ਸੀ, ਪਰ ਅਸਫਲ ਰਿਹਾ ਸੀ ਤੇ ਉਹ ਮੁਸਲਿਮ ਦੇਸ਼ਾਂ ਨੂੰ ਵੀ ਇਕੱਠੇਨਹੀਂਸੀ ਕਰ ਸਕਿਆ। ਇਸ ਤੋਂਬਾਅਦ ਕੱਲ੍ਹ ਪਾਕਿ-ਸਤਾਨ ਨੇ ਸਾਊਦੀ ਅਰਬ ਦੇ ਦਬਦਬੇ ਵਾਲੇ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਨੂੰ ਵੀ ਕਸ਼ਮੀਰ ਮੁੱਦੇ ਉੱਤੇਸੁਨੇਹਾ ਦੇਣ ਲਈ ਸਿੱਧੀ ਧਮਕੀ ਦੇ ਦਿੱਤੀ ਹੈ।

ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕੱਲ੍ਹ ਬੁੱਧਵਾਰ ਸਾਊਦੀ ਅਰਬ ਦੀ ਅਗਵਾਈ ਵਾਲੇ ਓ ਆਈ ਸੀ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਕਸ਼ਮੀਰ ਬਾਰੇ ਵਿਦੇਸ਼ ਮੰਤਰੀਆਂ ਦੇ ਪੱਧਰ ਦੀ ਬੈਠਕ ਬੁਲਾਉਣ ਵਿਚ ਹੋਰ ਦੇਰੀ ਬਿਲਕੁਲ ਨਾ ਕਰੇ। ਆਪਣੇ ਦੇਸ਼ ਦੇ ਨਿਊਜ਼ ਚੈਨਲ ਏ ਆਰ ਵਾਈ ਨਿਊਜ਼ ਨਾਲ ਇਕ ਟਾਕ ਸ਼ੋਅ ਵਿਚ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ, 'ਮੈਂ ਇਕ ਵਾਰ ਫਿਰ ਸਤਿਕਾਰ ਨਾਲ ਓ ਆਈ ਸੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਆਸ ਵਿਦੇਸ਼ ਮੰਤਰੀਆਂ ਦੇ ਪੱਧਰ ਦੀ ਬੈਠਕ ਤੋਂ ਘੱਟ ਕੁਝ ਨਹੀਂ। ਜੇ ਤੁਸੀਂ ਨਹੀਂਸੱਦਦੇ ਤਾਂ ਮੈਂ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਇਹ ਕਹਿਣ ਨੂੰ ਮਜਬੂਰ ਹੋਵਾਂਗਾ ਕਿ ਉਹ ਕਸ਼ਮੀਰ ਮੁੱਦੇ ਉੱਤੇ ਅੱਜ ਤੱਕ ਸਾਡੇ ਨਾਲ ਖੜ੍ਹੇ ਇਸਲਾਮੀ ਦੇਸ਼ਾਂਦੀ ਵੱਖਰੀ ਬੈਠਕ ਬੁਲਾਉਣ।'ਕੁਰੈਸ਼ੀ ਨੇ ਕਿਹਾ ਕਿ ਓ ਆਈ ਸੀ ਆਪਣੇ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਸੱਦਣ ਵਿਚ ਅਸਫਲ ਰਹਿੰਦਾ ਹੈ ਤਾਂ ਪਾਕਿ-ਸਤਾਨ ਇਸ ਤੋਂ ਵੱਖਰਾ ਸੈਸ਼ਨ ਬੁਲਾਉਣ ਲਈ ਤਿਆਰ ਹੈ। ਇਕ ਹੋਰ ਸਵਾਲ ਦੇ ਜਵਾਬ ਵਿਚ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਹੋਰ ਉਡੀਕ ਨਹੀਂ ਕਰ ਸਕਦਾ।

ਓ ਆਈ ਸੀ ਮੁਸਲਿਮ ਦੇਸ਼ਾਂ ਦਾ ਸਭ ਤੋਂ ਵੱਡਾ ਗਲੋਬਲ ਮੰਚ ਹੈ। ਇਸ ਦੇ 57 ਦੇਸ਼ ਮੈਂਬਰ ਹਨ ਅਤੇ ਯੂ ਐੱਨ ਓ ਦੇ ਬਾਅਦ ਸਭ ਤੋਂ ਵੱਡੀ ਇੰਟਰ-ਗਵਰਨਮੈਂਟਲ ਬਾਡੀ ਹੈ। ਭਾਰਤ ਦੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦਾ ਫੈਸਲਾ ਕਰਨ ਦੇ ਸਮੇਂ ਤੋਂ ਪਾਕਿਸਤਾਨ ਓ ਆਈ ਸੀਵੀ ਬੈਠਕ ਬੁਲਾਉਣ ਦੀ ਮੰਗ ਕਰ ਰਿਹਾ ਹੈ। ਕੁਰੈਸ਼ੀ ਨੇ ਕਿਹਾ ਕਿ ਕਸ਼ਮੀਰ ਬਾਰੇ ਵਿਦੇਸ਼ ਮੰਤਰੀਆਂ ਦੇ ਪੱਧਰ ਦੀ ਬੈਠਕ ਇਸ ਲਈ ਨਹੀਂ ਹੋਈ ਕਿ ਸਾਊਦੀ ਅਰਬ ਸਾਡੀ ਅਪੀਲ ਨੂੰ ਮੰਨਣ ਦਾ ਇਛੁੱਕ ਨਹੀਂ। ਅਸਲ ਵਿੱਚ ਓ ਆਈ ਸੀ ਵਿਚ ਕੋਈ ਮਤਾ ਪਾਸ ਕਰਨ ਲਈ ਸਾਊਦੀ ਅਰਬ ਦਾ ਸਮਰਥਨ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਵਿਚ ਸਾਊਦੀ ਅਰਬ ਦਾ ਦਬਦਬਾ ਹੈ। ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਪਿਛਲੇ ਸਾਲ ਦਸੰਬਰ ਵਿਚ ਸਾਊਦੀ ਅਰਬ ਦੇ ਕਹਿਣ ਉੱਤੇ ਹੀ ਕੁਆਲਾਲੰਪੁਰ ਸੰਮੇਲਨ ਵਿਚ ਨਹੀਂਗਿਆ। ਪਾਕਿਸਤਾਨੀ ਮੁਸਲਮਾਨ ਅੱਜ ਸਾਊਦੀ ਅਰਬ ਨੂੰ ਕਸ਼ਮੀਰ ਮੁੱਦੇ ਉੱਤੇ ਅਗਵਾਈ ਕਰਦਾ ਦੇਖਣਾ ਚਾਹੁੰਦੇ ਹਨ। ਸਾਡੀਆਂ ਆਪਣੀਆਂ ਭਾਵਨਾਵਾਂ ਦਾ ਉਨ੍ਹਾਂ ਨੂੰਅਹਿਸਾਸ ਕਰਨਾ ਹੋਵੇਗਾ ਤੇ ਖਾੜੀ ਦੇਸ਼ਾਂ ਨੂੰ ਇਹ ਗੱਲ ਸਮਝਣੀ ਹੋਵੇਗੀ। ਉਨ੍ਹਾ ਕਿਹਾ ਕਿ ਅਸੀਂਡਿਪਲੋਮੇਟਿਕ ਪੱਖੋਂ ਚੰਗੇ ਦਿੱਸਣ ਦੀ ਖੇਡ ਵਿਚ ਹੋਰ ਨਹੀ ਪੈਣਾ ਚਾਹੁੰਦੇ। ਕੁਰੈਸ਼ੀ ਨੇ ਕਿਹਾ ਉਹ ਭਾਵੁਕ ਹੋ ਕੇ ਅਜਿਹਾ ਨਹੀਂ ਕਹਿ ਰਹੇ, ਸਗੋਂ ਆਪਣੇ ਬਿਆਨ ਦੇ ਅਰਥ ਚੰਗੀ ਤਰ੍ਹਾਂ ਸਮਝ ਕੇ ਕਹਿੰਦੇ ਹਨ। ਕੁਰੈਸ਼ੀ ਨੇ ਕਿਹਾ ਕਿ ਇਹ ਸਹੀ ਹੈ ਕਿ ਮੈਂ ਸਾਊਦੀ ਅਰਬ ਨਾਲ ਚੰਗੇ ਸੰਬੰਧਾਂ ਦੇ ਬਾਵਜੂਦ ਆਪਣਾ ਪੱਖ ਸਪੱਸ਼ਟ ਕਰ ਰਿਹਾ ਹਾਂ।

ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨ, ਮਲੇਸ਼ੀਆ ਅਤੇ ਤੁਰਕੀ ਮਿਲ ਕੇ ਮੁਸਲਿਮ ਦੇਸ਼ਾਂ ਦਾ ਵੱਖਰਾ ਗਠਜੋੜ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਾਕਿਸਤਾਨ ਤੁਰਕੀ ਦਾ ਸਾਥ ਮਿਲਣ ਮਗਰੋਂ ਕਸ਼ਮੀਰ ਮੁੱਦੇ ਉੱਤੇ ਸਾਊਦੀ ਅਰਬ ਦੇ ਨਾਲ ਵੀ ਆਰ-ਪਾਰ ਕਰਨ ਦੇ ਮੂਡ ਵਿਚ ਨਜ਼ਰ ਆ ਰਿਹਾ ਹੈ।













GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648



# Do you have the correct mask for your needs ?



-By: Surjit Singh Flora-

The Coronavirus continues to plague the world today; because of that, many countries set to begin enforcing new rules that make masks mandatory while shopping indoors to prevent this virus. So Mostly, everyone is using some form of face protection these days.

But many of them use the wrong mask or tight elastic around their ears when they place a mask on the face. If they aren't fitted at an angle above their earlobe, they're probably pulling their ears back. Ouch! That sounds painful.

Wear masks that don't loop around your ears. Many surgical masks are tied behind the head and neck. Virtually all N95 masks use elastic bands that go behind the head.

For example: If you buy a pair of pants and try them on at home, you find they are not comfortable at all, and its wrong size, will you wear them anyway? No! You can't just run around in public without a certain level of dress. Rather than torturing yourself by wearing something that may cut off your circulation or worse, what do you do? You return them, replace them with a more appropriate fit. Right?

Why wouldn't you do the same if a mask didn't fit right, or maybe you have sensitive skin that ear loops irritate or a beard that gets caught in the elastic, or perhaps the wearer simply isn't wearing it correctly?

Do you have the correct mask for your needs, or just what's available? Options: Get a new mask, buy one of those loop extenders that force loops off the ears, try masks that tie on, or the one-piece ski mask type, or a bandana type. Take a private break from wearing it. None of us are experts in this stuff—all trial and error. Eventually, the pants will fit well, and we can move on with our day.

If your ears are sensitive, never used masks that loop around the ears. Also, some washable masks use a Velcro fastener behind the head, so no knotting is necessary.

So, as they have started causing ear pain, making people's ears red. Besides, it has become difficult to wear a mask for problems such as pain and irritation, but it is also mandatory to wear a mask in the Corona epidemic. So, if they are suffering from pain due to wearing an ear mask, today we will give you some tips to get relief from the pain. Which will benefit for all :

1. Wear a homemade mask:

The problem of earache is most prevalent among the people who are using market masks. So, if you can, wear a homemade cloth mask. The string of the market mask is made of elastic, which causes problems like red ears and pain. Wearing a homemade cloth mask keeps the ears healthy.

2. Take care of the ears:

In addition, you should pay close attention to your ears in your routine these days. You must use ice twice a day to get rid of ear redness.

3. Use Ice :

If you work in the office, you are asked to wear a mask in the office all day. In this case, when you return home in the evening, your ears start to ache. For which you should use ice. As soon as you get home, you put a piece of ice behind your ear and massage it for a while. Doing so will relieve you of ear pain.

4. Use the Saver clip:

It would be best to use a Saver clip to get rid of the pain behind the ear due to wearing a mask. This allows you to tighten your mask with a clip, which will not cause any discomfort to the ear.

5. Buy the right mask :

If you are going to a less crowded place outside the house, you should use a homemade cloth mask. This will not cause pain in the back of the ear. If you are going to a place where there is a coronavirus risk, you must use a market mask.

# ਮੌਤ_________ਇੱਕ ਸੱਚਾਈ

ਕੰਮ ਤੋਂ ਵਾਪਿਸ ਪਰਤ ਰਿਹਾ ਸੀ । ਜਿਵੇਂ ਹੀ ਘਰ ਦੇ ਨੇੜੇ ਪਹੁੰਚਿਆ ਤਾਂ ਉੱਚੀ ਉੱਚੀ ਰੋਣ ਦੀਆਂ ਆਵਾਜ਼ਾਂ ਕੰਨੀ ਪੈਣ

ਲੱਗੀਆਂ।ਹੋਰ ਅੱਗੇ ਗਿਆ ਤਾਂ ਉਹ ਘਰ ਦੇ ਸਾਹਮਣੇ ਹੀ ਦਿੱਸ ਪਿਆ ਜਿਥੋਂ ਇਹ ਆਵਾਜ਼ਾਂ ਆ ਰਹੀਆਂ ਸਨ।ਜਾਣ ਪਹਿਚਾਣ ਤਾਂ ਕੋਈ ਨਹੀਂ ਸੀ ਪਰ ਸੋਚਿਆ ਕਿ ਚਲੋ ਪਤਾ ਕਰ ਲੈਂਦਾ ਹਾਂ।ਅੰਦਰ ਜਾਣ ਤੇ ਪਤਾ ਲੱਗਿਆ ਕਿ ਘਰ ਵਿੱਚ ਕਿਸੇ ਦੀ ਮੌਤ ਹੋ ਗਈ ਹੈ।ਇਕਦਮ ਭਾਵੁਕ ਹੋ ਕੇ ਸੋਚਣ ਲਗ ਪਿਆ ਕਿ ਕਿਸੇ ਦੀ ਮੌਤ ਹੋਣ ਅਸੀਂ ਲੋਕ ਰੋਣ ਕਿਉਂ ਲਗ ਪੈਂਦੇ ਹਾਂ?ਕੀ ਰੋਣ ਨਾਲ ਮ੍ਰਿਤਕ ਦੇਹ ਜੀਵਿਤ ਹੋ ਜਾਂਦੀ ਹੈ?ਉਸੇ ਛਿਣ ਮਨ ਉਹਨਾਂ ਪਲਾਂ ਵਿੱਚ ਪਹੁੰਚ ਗਿਆ ਜਦੋਂ ਕੱਲ ਸਤਿਸੰਗ ਵਿੱਚ ਬੈਠਾ ਹੋਇਆ ਸਾਂ।ਮਹਾਂਪੁਰਸ਼ ਜੀਵਨ ਯਾਤਰਾ ਬਾਰੇ ਵਿਚਾਰ ਕਰ ਰਹੇ ਸਨ,ਉਹ ਦੱਸ ਰਹੇ ਸਨ ਕਿ ਇੱਕ ਨਾ ਇੱਕ ਦਿਨ ਤਾਂ ਸਭ ਨੇ ਮਰਨਾ ਹੀ ਹੈ।ਪ੍ਰਮਾਤਮਾ ਦੁਆਰਾ ਬਖ਼ਸ਼ੀ ਹੋਈ ਇਹ ਸਵਾਸਾਂ ਦੀ ਪੂੰਜੀ ਕਿਸੇ ਦਿਨ ਤਾਂ ਮੁੱਕਣੀ ਹੀ ਹੈ।ਇਹ ਪੂੰਜੀ ਪੂਰੀ ਖ਼ਰਚੇ ਜਾਣ ਤੇ ਮੱਨੁਖ ਨੇ ਜਾਣਾ ਹੀ ਹੈ।ਮੌਤ ਵਾਲਾ ਦਿਨ ਤਾਂ ਸਾਡੇ ਜਨਮ ਵਾਲੇ ਦਿਨ ਹੀ ਨਿਸ਼ਚਿਤ ਹੋ ਜਾਂਦਾ ਹੈ।ਪਰ ਰੋਜ਼ਮਰਾ ਦੀ ਜ਼ਿੰਦਗੀ ਦੌਰਾਨ ਆਦਮੀ ਨੂੰ ਚਿੱਤਚੇਤੇ ਵੀ ਨਹੀਂ ਹੁੰਦਾ ।ਕਾਰੋਬਾਰਾਂ ਵਿੱਚ ਵਿੱਚਰਦਿਆਂ ਹੋਇਆਂ ਯਾਦ ਹੀ ਨਹੀਂ ਰਹਿੰਦੀ ਇਹ ਗਲ।ਪਰ ਜਦੋਂ ਕਿਸੇ ਸਮਾਜਿਕ ਰਿਸ਼ਤੇ ਵਿੱਚ ਕਿਸੇ ਦੀ ਮੌਤ ਦਾ ਸੁਨੇਹਾ ਮਿਲਦਾ ਹੈ ਤਾਂ ਯੱਕਦਮ ਝਟਕਾ ਜਿਹਾ ਲੱਗਦਾ ਹੈ।

ਬੜੀ ਵਾਰ ਸੋਚਦਾ ਹਾਂ ਕਿ ਜੇ ਮੌਤ ਨਾ ਹੋਵੇ ਤਾਂ ਕੀ ਹੋਵੇਗਾ? ਸਿਰਫ਼ ਤੇ ਸਿਰਫ਼ ਜਨਮ ਹੀ ਹੋਈ ਜਾਣ ਫਿਰ ਕੀ ਹੋਵੇਗਾ?ਹੋਣਾ ਕੀ ਹੈ ਦੁਨੀਆਂ ਦੀ ਵਸੋਂ ਵੱਧਣੀ ਹੀ ਵੱਧਣੀ ਹੈ।ਇਹ ਵੀ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਜਿਵੇਂ ਜਿਵੇਂ ਉਮਰ ਬੀਤਦੀ ਜਾਂਦੀ ਹੈ, ਸਮੇਂਮਨੁੱਖ ਕੰਮਜ਼ੋਰ ਹੋਣਾ ਸ਼ੁਰੂ ਹੋ ਜਾਂਦਾ ਹੈ।ਬਿਮਾਰ ਰਹਿਣ ਲੱਗਦਾ ਹੈ।ਕਦੇ ਕਦੇ ਤਾਂ ਕੋਈ ਬਿਮਾਰੀ ਇਸਤਰਾਂ ਦੀ ਲਗਦੀ ਹੈ ਕਿ ਆਦਮੀ ਤੁਰਨੋਂ ਫਿਰਨੋਂ ਹੀ ਰਹਿ ਜਾਂਦਾ ਹੈ।ਕੁਝ ਨਾ ਖਾਣ ਪੀਣ ਸਕਣ ਕਾਰਣ ਬੰਦਾ ਲਾਚਾਰ ਹੋ ਜਾਂਦਾ ਹੈ।ਹੁਣ ਇਹ ਸੋਚੀਏ ਕਿ ਜੇ ਮੌਤ ਨਾ ਹੁੰਦੀ ਹੋਵੇ ਤਾਂ ਕੀ ਇਹ ਧਰਤੀਇਸਤਰਾਂ ਦੇ ਬਿਮਾਰਾਂ ਤੇ ਲਾਚਾਰਾਂ ਨਾਲਭਰ ਨਹੀਂ ਜਾਵੇਗੀ?ਸੰਸਾਰ ਵਿੱਚ ਗੰਦ ਜਿਹਾ ਨਹੀਂ ਪੈ ਜਾਵੇਗਾ?

ਇਹ ਤਾਂ ਠੀਕ ਹੈ ਕਿ ਕਿਸੇ ਆਪਣੇ ਅਤੇ ਪਿਆਰੇ ਦੇ ਦੁਨੀਆਂ ਤੋਂ ਤੁਰ ਜਾਣ ਤੇ ਦੁੱਖ ਤਾਂ ਹੁੰਦਾ ਹੀ ਹੈ ;ਪਰ ਜੇ ਅਸੀਂ ਆਪਣੀ ਸੋਚ ਸਕਾਰਾਤਮਕ ਰੱਖੀਏ ਤਾਂ ਅਸੀਂ ਦੇਖਦੇ ਹਾਂ ਕਿ ਮਰਨ ਉਪਰੰਤ ਲੋਕ ਸਾਡੇ ਪਰੀਵਾਰ ਨਾਲ ਹਮਦਰਦੀ ਜਤਾਉਂਦੇ ਹਨ।ਸਾਡੇ ਚੰਗੇ ਕੰਮਾਂ ਨੂੰ ਸਲਾਹੁੰਦੇ ਹਨ।ਸਾਡੀ ਪ੍ਰਸ਼ੰਸ਼ਾ ਵਿੱਚ ਕੁਝ ਸ਼ਬਦ ਬੋਲ ਦਿੰਦੇ ਹਨ ਜੋ ਸਾਡੀ

ਆਤਮਾ ਨੂੰ ਸ਼ਾਂਤੀ ਬਖ਼ਸ਼ਦੇ ਹਨ।ਸਾਡੇ ਸਾਰੇ ਦੁੱਖਾਂ ਤੋਂ ਛੁੱਟਕਾਰਾ ਮਿਲ ਜਾਂਦਾ ਹੈ।

ਤਾਂ ਹੀ ਕਿਸੇ ਕਵੀ ਨੇ ਲਿਖਿਆ ਹੈ ਕਿ ਮੌਤ ਕਿਤਨੀ ਭੀ ਸੰਗਦਿਲ ਹੋ ਜ਼ਿੰਦਗੀ ਸੇ ਤੋ ਮਿਹਰਬਾਨ ਹੋਗੀ!

ਅਮਰਜੀਤ ਕੌਰ, ਬਰੈਂਪਟਨ

ਮਿੰਨੀ ਕਹਾਣੀ

# ਭਗਵਾਨ ਦਾ ਭੋਗ

–ਨਵੀਨ ਗੌਤਮ

'ਓ! ਹਲਵਾਈ ਦਾ ਸਾਰਾ ਸਾਮਾਨ ਆ ਗਿਆ ਨਾ?' ਮਦਨ ਨੇ ਆਪਣੇ ਚੋਟੇ ਭਰਾ ਉਮੇਸ਼ ਤੋਂ ਪੁੱਛਿਆ।

ਉਮੇਸ਼ ਬੋਲਿਆ, ''ਹਾਂ ਵੀਰ ਜੀ, ਆ ਗਿਆ। ਹਲਵਾਈ ਅਤੇ ਉਸ ਦੇ ਆਦਮੀ ਵੀ ਆ ਗਏ ਹਨ, ਬੱਸ ਹੁਣੇ ਦੋ-ਤਿੰਨ ਘੰਟੇ ਵਿੱਚ ਖਾਣੇ ਬਣਾ ਕੇ ਦੇਣਗੇ।''

ਅੱਜ ਮਦਨ ਬਹੁਤ ਖੁਸ਼ ਸੀ। ਉਸ ਦੇ ਪੰਜ ਸਾਲ ਦੇ ਬੇਟੇ ਦਾ ਮੁੰਡਣ ਸੰਸਕਾਰ ਸੀ। ਮਹਿਮਾਨਾਂ ਦੀ ਆਵਾਜਾਈ ਸ਼ੁਰੂ ਹੋ ਗਈ ਸੀ। ਉਹ ਦੋਵੇਂ ਮਹਿਮਾਨਾਂ ਦੇ ਸਵਾਗਤ ਸਤਕਾਰ ਵਿੱਚ ਲੱਗੇ ਹੋਏ ਸਨ। ਮੁੰਡਣ ਦਾ ਸ਼ੁਭ ਮਹੂਰਤ ਸਵੇਰੇ 11 ਵਜੇ ਦਾ ਸੀ ਅਤੇ ਤੈਅ ਸਮੇਂ 'ਤੇ ਇਸ ਲਈ ਨੱਥੂ ਵੀ ਆ ਗਿਆ ਸੀ। ਪੂਜਾ ਸੰਪੰਨ ਹੋਈ। ਉਧਰ ਨੱਥੂ ਵੀ ਆਪਣਾ ਉਸਤਰਾ ਲੈ ਕੇ ਪੌੜੀਆਂ 'ਤੇ ਆ ਬੈਠਾ ਸੀ।

ਮੁੰਡਣ ਸ਼ੁਰੂ ਹੋਇਆ ਤਾਂ ਕਾਮਿਨੀ ਨੇ ਆਪਣੇ ਬੇਟੇ ਦੇ ਉਤਰੇ ਹੋਏ ਸਾਰੇ ਵਾਲ ਆਪਣੀ ਝੋਲੀ ਵਿੱਚ ਲੈ ਲਏ। ਤਦ ਪੁਜਾਰੀ ਜੀ ਨੇ ਆਵਾਜ਼ ਦਿੱਤੀ, ''ਸ੍ਰੀਮਾਨ! ਖਾਣਾ ਤਿਆਰ ਹੋ ਗਿਆ ਹੋਵੇ ਤਾਂ ਲੈ ਆਓ, ਭਗਵਾਨ ਨੂੰ ਭੋਗ ਲਾਉਣਾ ਹੈ।''

''ਜੀ ਪੰਡਿਤ ਜੀ'' ਕਹਿ ਕੇ ਮਦਨ ਭੋਗ ਲੈਣ ਦੇ ਲਈ ਸਾਹਮਣੇ ਦੀ ਧਰਮਸ਼ਾਲਾ ਵੱਲ ਦੌੜ ਪਿਆ।

ਮਦਨ ਨੇ ਦਾਲ-ਬਾਟੀ, ਚੂਰਮਾ ਦਾ ਭੋਗ ਪੱਤਲ ਵਿੱਚ ਰੱਖਿਆ ਅਤੇ ਮੰਦਰ ਵੱਲ ਵਧ ਗਿਆ। ਉਹ ਹੌਲੀ-ਹੌਲੀ ਮੰਦਰ ਵੱਲ ਵਧ ਹੀ ਰਿਹਾ ਸੀ ਕਿ ਤਦ ਕਿਸੇ ਨੇ ਪਿੱਛਿਓਂ ਆਵਾਜ਼ ਦਿੱਤੀ, ''ਬਾਊ ਜੀ! ਸਵੇਰ ਤੋਂ ਭੁੱਖਾ ਹਾਂ, ਕੁਝ ਖਾਣ ਨੂੰ ਦੇ ਦਿਓ।''

ਮਦਨ ਨੇ ਮੁੜ ਕੇ ਦੇਖਿਆ ਤਾਂ ਇੱਕ ਭਿਖਾਰੀ ਤਰਸ ਭਰੀਆਂ ਨਜ਼ਰਾਂ ਨਾਲ ਉਸ ਵੱਲ ਦੇਖ ਰਿਹਾ ਸੀ। ਉਸ ਦੀ ਹਾਲਤ ਦੇਖ ਕੇ ਮਦਨ ਦੇ ਮਨ ਵਿੱਚ ਦਇਆ ਉਮੜ ਪਈ, ਪਰ ਅਜੇ ਉਹ ਦੁਚਿੱਤੀ ਵਿੱਚ ਸੀ ਕਿ ਭੋਗ ਕਿਵੇਂ ਦੇ ਦੇਵੇ। ਮਦਨ ਭਾਵੁਕ ਹੋ ਗਿਆ ਅਤੇ ਮਨ ਹੀ ਮਨ ਸੋਚਣ ਲੱਗਾ ਕਿ ਸ਼ਾਇਦ ਈਸ਼ਵਰ ਵੀ ਇਹੀ ਚਾਹੁੰਦੇ ਹਨ, ਤਦ ਹੀ ਤਾਂ ਉਸ ਦੇ ਭੋਗ ਲਿਜਾਂਦੇ ਸਮੇਂ ਉਹ ਸਾਹਮਣੇ ਆਇਆ। ਉਸ ਨੇ ਦਾਲ-ਬਾਟੀ, ਚੂਰਮਾ ਦਾ ਭੋਗ ਭਿਖਾਰੀ ਵੱਲ ਵਧਾ ਕੇ ਕਿਹਾ, ''ਬਾਬਾ! ਲੈ ਖਾਣਾ ਖਾਣ ਲੈ।'' ਭਿਖਾਰੀ ਬਹੁਤ ਖੁਸ਼ ਹੋਇਆ ਅਤੇ ਜਲਦੀ-ਜਲਦੀ ਖਾਣਾ ਖਾਂਦੇ ਹੋਏ ਆਪਣੇ ਦੋਵੇਂ ਹੱਥ ਵਾਰ-ਵਾਰ ਇੰਝ ਉਠਾ ਰਿਹਾ ਸੀ ਜਿਵੇਂ ਉਹ ਉਸ ਨੂੰ ਬਹੁਤ ਸਾਰਾ ਅਸ਼ੀਰਵਾਦ ਦੇ ਰਿਹਾ ਹੋਵੇ। ਮਦਨ ਖੁਸ਼ੀ ਦੇ ਅੱਥਰੂ ਪੂੰਝਦੇ ਹੋਏ ਵਾਪਸ ਧਰਮਸ਼ਾਲਾ ਵੱਲ ਚਲਾ ਗਿਆ।

''ਓ ਇੰਨੀ ਦੇਰ ਤੋਂ ਕਿੱਥੇ ਸੀ ਤੁਸੀਂ? ਭਗਵਾਨ ਨੂੰ ਭੋਗ ਲੱਗ ਗਿਆ ਕੀ?'' ਕਾਮਿਨੀ ਨੇ ਪੁੱਛਿਆ।

ਮਦਨ ਨੇ ਪੌੜੀਆਂ 'ਤੇ ਬੈਠ ਕੇ ਪੂਰੀ ਤਸੱਲੀ ਨਾਲ ਭੋਜਨ ਕਰਦੇ ਉਸ ਵਿਅਕਤੀ ਨੂੰ ਦੇਖ ਕੇ ਕਿਹਾ, ''ਹਾਂ! ਲੱਗ ਗਿਆ, ਭਗਵਾਨ ਨੂੰ ਭੋਗ ਲੱਗ ਗਿਆ।''

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO
44 FASKEN DR, # 2 - 9 ETOBICOKE, ON M9W 5M8 (416)-792-0877, (416)-551-3343
STONEY CREEK
#6 – 410 LEWIS ROAD STONEY CREEK, ON L8E 5Y7 (905) 643-0818
LONDON
#4 -1540 FANSHAWE PARK RD. W, LONDON, ON N6H 5L8 (519)-641-1010
BRAMPTON
1-241 CLARENCE ST., BRAMPTON, ON L6W 3E7 (416)-551-3343
AUTHORISED DEALER OF ALL NAME BRANDS
JENN-AIR. Whirlpool MAYTAG Electrolux SAMSUNG LG KitchenAid GE FRIGIDAIRE
BRAND NEW & OPEN BOX APPLIANCES

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE $369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।
FOR SALE $539,900
HWY 427/REXDALE
ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ ।
FOR SALE $1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

# ਭਾਰਤੀ ਸਿਆਸਤ ਵਿੱਚ 'ਅਮਰ ਸਿੰਘ' ਵਰਗੇ ਨੇਤਾ ਬਣੇ ਰਹਿਣਗੇ

-ਵਿਨੀਤ ਨਾਰਾਇਣ-



ਕਰੀਬ 64 ਸਾਲ ਦੀ ਉਮਰ 'ਚ ਅਮਰ ਸਿੰਘ ਦਾ ਸਿੰਗਾਪੁਰ 'ਚ ਦਿਹਾਂਤ ਹੋ ਗਿਆ। ਉਨ੍ਹਾ ਵਰਗੇ ਬਹੁਤ ਸਾਰੇ ਲੋਕ ਭਾਰਤੀ ਸਿਆਸਤ 'ਚ ਹਨ, ਪਰ ਅਮਰ ਸਿੰਘ ਦੀ ਖਾਸੀਅਤ ਇਹ ਸੀ ਕਿ ਉਹ ਖੁਦ ਨੂੰ ਨੈਸ਼ਨਲ ਚੈਨਲਾਂ ਉੱਤੇ ਵੀ 'ਦਲਾਲ' ਕਹਿਣ ਤੋਂ ਨਹੀਂ ਝਿਜਕਦੇ ਸਨ। ਸਿੰਧੀਆ ਪਰਵਾਰ, ਭਰਤੀਆ ਪਰਵਾਰ, ਅੰਬਾਨੀ ਪਰਵਾਰ, ਬੱਚਨ ਪਰਵਾਰ ਜਾਂ ਯਾਦਵ ਪਰਵਾਰ ਵਿੱਚ ਫੁੱਟ ਪੁਆਉਣ ਦ ਸਿਹਰਾ ਅਮਰ ਸਿੰਘ ਨੂੰ ਦਿੱਤਾ ਜਾਂਦਾ ਹੈ। ਉਨ੍ਹਾਂ 'ਤੇ ਦੋਸ਼ ਸੀ ਕਿ ਉਹ ਇਨ੍ਹਾਂ ਰੱਜੇ-ਪੁੱਜੇ, ਮਸ਼ਹੂਰ ਤੇ ਤਾਕਤਵਰ ਪਰਵਾਰਾਂ 'ਚ ਕੂਟਨੀਤੀ ਨਾਲ ਫੁੱਟ ਪੁਆਉਂਦੇ ਸਨ ਅਤੇ ਇੱਕ ਭਰਾ ਦਾ ਪੱਲਾ ਫੜ ਕੇ ਦੂਸਰੇ ਦਾ ਕੰਮ ਕਰਵਾਉਂਦੇ ਸਨ, ਸ਼ਾਇਦ ਇਸ 'ਚ ਆਪਣਾ ਫਾਇਦਾ ਵੀ ਉਠਾਉਂਦੇ ਹੋਣਗੇ। ਵੱਡੀ ਗਿਣਤੀ 'ਚ ਫਿਲਮੀ ਹੀਰੋਇਨਾਂ ਨੂੰ ਸਿਆਸਤ ਵਿੱਚ ਜਾਂ ਸਿਆਸੀ ਗਲਿਆਰਿਆਂ ਵਿੱਚ ਮਹੱਤਵ ਦਿਵਾਉਣ ਦਾ ਕੰਮ ਵੀ ਅਮਰ ਸਿੰਘ ਬਾਖੂਬੀ ਕਰਦੇ ਸਨ। ਇਸ ਕਾਰਨ ਅਨੇਕ ਵਿਵਾਦ ਉਠੇ ਤੇ ਸੁਪਰੀਮ ਕੋਰਟ ਤੱਕ ਗਏ। ਉਨ੍ਹਾਂ ਦੀ ਮੁਹਾਰਤਾ ਇੰਨੀ ਸੀ ਕਿ ਕੇਂਦਰ 'ਚ ਭਾਜਪਾ ਸਰਕਾਰ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੱਕ ਆਪਣੀ ਪਾਰਟੀ ਦੇ ਨੇਤਾਵਾਂ ਨਾਲੋਂ ਅਮਰ ਸਿੰਘ ਨੂੰ ਪਹਿਲ ਦਿੰਦੇ ਸਨ। ਇਹ ਉਸ ਸਮੇਂ ਭਾਜਪਾ ਦੇ ਨੇਤਾਵਾਂ ਵਿੱਚ ਚਿੰਤਾ ਅਤੇ ਚਰਚਾ ਦਾ ਵਿਸ਼ਾ ਰਹਿੰਦਾ ਸੀ।

ਸਭ ਨੂੰ ਪਤਾ ਹੈ ਕਿ ਸਰਕਾਰਾਂ ਡੇਗਣ, ਬਚਾਉਣ ਵਿੱਚ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਦੀ ਖਰੀਦੋ-ਫਰੋਖਤ ਕਰਵਾਉਣ ਵਿੱਚ ਅਮਰ ਸਿੰਘ ਦੀ ਮਹੱਤਵ ਪੂਰਨ ਭੂਮਿਕਾ ਹੁੰਦੀ ਸੀ। ਲੋਕਾਂ ਨੂੰ ਅਰੁਣ ਜੇਤਲੀ ਦੇ ਘਰ ਅਮਰ ਸਿੰਘ ਦੀ ਦੇਰ ਰਾਤ ਹੋਈ ਉਹ ਖੁਫੀਆ ਬੈਠਕ ਯਾਦ ਹੋਵੇਗੀ ਜੋ ਮੀਡੀਆ ਦੀ ਸਰਗਰਮੀ ਨਾਲ ਚਰਚਾ 'ਚ ਆ ਗਈ ਸੀ ਕਿਉਂਕਿ ਓਦੋਂ ਦੇ ਸਿਆਸੀ ਮਾਹੌਲ 'ਚ 2 ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦਾ ਏਦਾਂ ਮਿਲਣਾ ਵੱਡੇ ਵਿਵਾਦ ਦਾ ਕਾਰਨ ਬਣਿਆ ਸੀ।

ਅਮਰ ਸਿੰਘ ਨਾਲ ਮੇਰਾ ਵੀ ਠੀਕ-ਠਾਕ ਸੰਪਰਕ ਸੀ, ਪਰ 1995 ਵਿੱਚ ਇੱਕ ਘਟਨਾ ਅਜਿਹੀ ਹੋਈ ਜਿਸ ਤੋਂ ਬਾਅਦ ਅਮਰ ਸਿੰਘ ਨੇ ਮੇਰੇ ਨਾਲ ਸਬੰਧ ਤਾਂ ਸੁਖਾਵੇਂ ਰੱਖੇ, ਪਰ ਇਹ ਸਮਝ ਗਿਆ ਕਿ ਮੈਂ ਉਨ੍ਹਾਂ ਦੇ ਮਤਲਬ ਦਾ ਬੰਦਾ ਨਹੀਂ। ਇਹ ਵੀ ਉਨ੍ਹਾਂ ਦੀ ਵਿਸ਼ੇਸ਼ਤਾ ਸੀ। 'ਜੈਨ ਹਵਾਲਾ ਕਾਂਡ' ਵਿੱਚ ਸੁਪਰੀਮ ਕੋਰਟ ਦੀ ਸਖ਼ਤੀ ਪਿੱਛੋਂ ਸੀ ਬੀ ਆਈ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਸਰਗਰਮ ਹੋਇਆ ਤੇ ਕਈ ਪਾਰਟੀਆਂ ਦੇ ਸਿਆਸੀ ਆਗੂਆਂ 'ਚ ਭੜਥੂ ਪੈ ਗਿਆ। ਓਦੋਂ ਅਮਰ ਸਿੰਘ ਵੀ ਦੂਸਰਿਆਂ ਵਾਂਗ ਕਰੋੜਾਂ ਰੁਪਏ ਦੀ ਰਿਸ਼ਵਤ ਦੀ ਤਜਵੀਜ਼ ਲੈ ਕੇ ਮੇਰੇ ਕੋਲ ਆਏ ਤਾਂ ਕਿ ਮੈਂ ਇਸ ਮੁੱਦੇ ਨੂੰ ਛੱਡ ਦੇਵਾਂ। ਮੇਰੇ ਰੁੱਖੇ ਅਤੇ ਸਖ਼ਤ ਲਹਿਜੇ ਤੋਂ ਉਹ ਪ੍ਰੇਸ਼ਾਨ ਹੋ ਗਏ ਅਤੇ ਬਾਅਦ ਵਿੱਚ ਥਾਂ-ਥਾਂ ਕਹਿੰਦੇ ਫਿਰੇ ਕਿ ''ਵਿਨੀਤ ਨਾਰਾਇਣ ਮੂਰਖ ਹਨ, 100 ਕਰੋੜ ਰੁਪਏ ਮਿਲਦੇ ਅਤੇ ਕੇਂਦਰ ਵਿੱਚ ਮੰਤਰੀ ਦਾ ਅਹੁਦਾ।''

ਜਦੋਂ ਉਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਦੀ ਸਰਕਾਰ ਸੀ, ਉਹ 'ਉਤਰ ਪ੍ਰਦੇਸ਼ ਵਿਕਾਸ ਕੌਂਸਲ ਦੇ ਪ੍ਰਧਾਨ ਸਨ। ਉਸ ਨਾਤੇ ਮੈਂ ਉਨ੍ਹਾਂ ਨੂੰ ਵ੍ਰਿੰਦਾਵਨ ਆਉਣ ਦਾ ਸੱਦਾ ਦਿੱਤਾ ਕਿਉਂਕਿ ਉਦੋਂ ਮੈਂ ਬ੍ਰਜ ਸੇਵਾ ਵਿੱਚ ਜੁਟ ਗਿਆ ਸੀ ਤੇ ਸਰਕਾਰ ਤੇ ਪ੍ਰਸ਼ਾਸਨ ਦੀ ਮਦਦ ਬਿਨਾਂ ਵੱਡੇ ਪੱਧਰ ਦਾ ਕੋਈ ਵਿਕਾਸ ਕੰਮ ਸੌਖਾ ਪੂਰਾ ਨਹੀਂ ਹੁੰਦਾ, ਉਸ 'ਚ ਬੜੇ ਅੜਿਕੇ ਆਉਂਦੇ ਹਨ। ਇਸ ਲਈ ਮੈਨੂੰ ਜਾਪਿਆ ਕਿ ਅਮਰ ਸਿੰਘ ਨੂੰ ਸੱਦਣ ਨਾਲ ਇਨ੍ਹਾਂ ਸੇਵਾ ਕਾਰਜਾਂ 'ਚ ਮਦਦ ਮਿਲੇਗੀ। ਇਸ ਆਯੋਜਨ ਤੋਂ ਬਾਅਦ ਮੈਂ ਅਮਰ ਸਿੰਘ ਨੂੰ ਮਿਲਣ ਦਿੱਲੀ ਗਿਆ ਤੇ ਕਿਹਾ ਕਿ ''ਬ੍ਰਜ (ਮਥੁਰਾ) ਦੇ ਵਿਕਾਸ ਬਾਰੇ ਮੈਂ ਕੁਝ ਠੋਸ ਯੋਜਨਾਵਾਂ ਬਣਾਈਆਂ ਹਨ, ਉਸ 'ਚ ਤੁਸੀਂ ਮੇਰੀ ਮਦਦ ਕਰੋ।'' ਅਮਰ ਸਿੰਘ ਨੇ ਸਤਿਕਾਰ ਤਾਂ ਪੂਰਾ ਕੀਤਾ ਪਰ ਟਕੇ ਵਰਗਾ ਜਵਾਬ ਦੇ ਦਿੱਤਾ, 'ਤੁਸੀਂ ਅਮਿਤਾਭ ਬੱਚਨ ਵਾਂਗ ਮੇਰੇ ਗੂੜ੍ਹੇ ਮਿੱਤਰ ਤਾਂ ਹੈ ਨਹੀਂ। 'ਹਵਾਲਾ ਕਾਂਡ' ਵਿੱਚ ਮੈਂ ਇੱਕ ਤਜਵੀਜ਼ ਲੈ ਕੇ ਤੁਹਾਡੇ ਕੋਲ ਆਇਆ ਸੀ, ਪਰ ਤੁਸੀਂ ਮੈਨੂੰ ਬੇਰੰਗ ਮੋੜ ਦਿੱਤਾ। ਅੱਜ ਤੁਸੀਂ ਮੇਰੇ ਕੋਲੋਂ ਕਿਸੇ ਮਦਦ ਦੀ ਆਸ ਕਿਵੇਂ ਕਰ ਸਕਦੇ ਹੋ?' ਮੈਂ ਸਮਝਦਾ ਹਾਂ ਕਿ ਅਮਰ ਸਿੰਘ ਵਰਗੀ ਸਥਿਤੀ 'ਚ ਕੋਈ ਕਿਸੇ ਨੂੰ ਸਾਫ-ਸਾਫ ਅਜਿਹਾ ਕਹਿਣ ਦੀ ਹਿੰਮਤ ਨਹੀਂ ਕਰੇਗਾ। ਇਹ ਖਾਸੀਅਤ ਉਨ੍ਹਾਂ 'ਚ ਹੀ ਸੀ।

ਅਜਿਹੇ ਦਲਾਲ ਨਾ ਜਨਤਾ ਦੇ ਹਿੱਤ 'ਚ ਕਦੀ ਕੁਝ ਕਰਦੇ ਹਨ ਅਤੇ ਨਾ ਦੇਸ਼ ਦੇ ਹਿੱਤ 'ਚ ਕੁਝ ਕਰਦੇ ਹਨ। ਉਹ ਜੋ ਕੁਝ ਕਰਦੇ ਹਨ, ਆਪਣੇ ਜਾਂ ਆਪਣੇ ਦੋਸਤਾਂ ਦੇ ਫਾਇਦੇ ਲਈ ਕਰਦੇ ਹਨ। ਫਿਰ ਵੀ ਇਨ੍ਹਾਂ ਨੂੰ ਸਿਆਸੀ ਪਾਰਟੀ ਪਾਰਲੀਮੈਂਟਰੀ ਲੋਕਤੰਤਰ ਦੇ ਸਰਬ ਉਚ ਪੱਧਰ 'ਤੇ ਰਾਜ ਸਭਾ ਦਾ ਮੈਂਬਰ ਬਣਵਾ ਦਿੰਦੀ ਹੈ। ਉਸ ਰਾਜ ਸਭਾ ਦਾ, ਜਿਸ ਵਿੱਚ ਸਮਾਜ ਦੇ ਵੱਕਾਰੀ, ਤਜਰ-ਬੇਕਾਰ, ਗਿਆਨੀ ਅਤੇ ਸਮਰਪਿਤ ਲੋਕਾਂ ਨੂੰ ਬੈਠ ਕੇ 'ਬਹੁਜਨ ਹਿਤਾਏ' ਗੰਭੀਰ ਚਿੰਤਨ ਕਰਨਾ ਚਾਹੀਦਾ ਹੈ, ਜਦ ਕਿ ਅਜਿਹੇ ਲੋਕਾਂ ਨੂੰ ਉਥੇ ਆਪਣਾ ਧੰਦਾ ਚਲਾਉਣ ਦਾ ਚੰਗਾ ਮੌਕਾ ਮਿਲਦਾ ਹੈ। ਇਸ ਲਈ ਜਦੋਂ ਤੱਕ ਸਾਡੀ ਸਿਆ-ਸਤ ਧੋਖੇ, ਝੂਠੇ ਵਾਅਦੇ, ਦੋਹਰੇ ਚਰਿੱਤਰ ਅਤੇ ਜੋੜ-ਤੋੜ ਨਾਲ ਚੱਲਦੀ ਰਹੇਗੀ, ਉਦੋਂ ਤੱਕ ਭਾਰਤੀ ਸਿਆਸਤ 'ਚ 'ਅਮਰ ਸਿੰਘ' ਕਦੇ ਨਹੀਂ ਮਰਨਗੇ।

## ਕਹਾਣੀ

## ਪਿੰਡਾਂ ਵਾਲੇ

-ਰਾਜਾ ਹੰਸਪਾਲ-

ਮਨਪ੍ਰੀਤ ਦੇ ਵਿਆਹ ਦਾ ਦਿਨ ਕਿਸੇ ਸੁਪਰਫਾਸਟ ਰੇਲ ਗੱਡੀ ਵਾਂਗ ਨੇੜੇ ਆ ਰਿਹਾ ਸੀ ਤੇ ਉਪਰੋਂ ਕਰਜ਼ੇ ਦੇ ਦੁਖੀ ਹੋ ਕੇ ਘਰੋਂ ਗਏ ਮਨਪ੍ਰੀਤ ਦੇ ਪਿਤਾ ਗੁਰਦਿਆਲ ਸਿੰਘ ਦਾ ਕੋਈ ਦਿਨਾਂ ਤੋਂ ਥਹੁ-ਪਤਾ ਨਹੀਂ ਸੀ ਮਿਲ ਰਿਹਾ। ਮਨਪ੍ਰੀਤ ਦੀ ਮਾਂ ਬਚਨ ਕੌਰ ਦਾ ਫਿਕਰ ਨਾਲ ਬੁਰਾ ਹਾਲ ਹੋ ਰਿਹਾ ਸੀ। ਉਸ ਨੂੰ ਇਹ ਚਿੰਤਾ ਵੱਢ-ਵੱਢ ਖਾ ਰਹੀ ਸੀ ਕਿ ਪਿਤਾ ਦੀ ਗੈਰ ਮੌਜੂਦਗੀ ਵਿੱਚ ਅਤੇ ਬਿਨਾਂ ਕਿਸੇ ਪੈਸੇ ਧੇਲੇ ਦੇ ਧੀ ਦੇ ਵਿਆਹ ਦੇ ਸਾਰੇ ਪ੍ਰਬੰਧ ਕਿਵੇਂ ਹੋਣਗੇ। ਕਿਉਂਕਿ ਮਨਪ੍ਰੀਤ ਦਾ ਰਿਸ਼ਤਾ ਤਕੜੇ ਘਰ ਹੋਇਆ ਸੀ। ਜੇ ਧੀ ਦਾ ਰਿਸ਼ਤਾ ਟੁੱਟ ਗਿਆ ਤਾਂ ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹਿਣਗੇ ਤੇ ਫਿਰ ਦੁਬਾਰਾ ਕੌਣ ਉਸ ਦੀ ਧੀ ਨੂੰ ਅਪਣਾਵੇਗਾ? ਇਨ੍ਹਾਂ ਸਾਰੀਆਂ ਸੋਚਾਂ ਕਾਰਨ ਬਚਨ ਕੌਰ ਪਲ ਪਲ ਇੱਕ ਨਵੀਂ ਮੌਤ ਮਰ ਰਹੀ ਸੀ।

ਸੋਚਾਂ ਦੇ ਸਮੁੰਦਰ 'ਚ ਗੋਤੇ ਖਾਂਦੀ ਹੋਈ ਬਚਨ ਕੌਰ ਦੀ ਸੁਰਤ ਪਰਤੀ ਜਦੋਂ ਬਾਹਰ ਬੂਹੇ 'ਤੇ ਕਿਸੇ ਨੇ ਦਸਤਕ ਦਿੱਤੀ। ਮਨਪ੍ਰੀਤ ਦੇ ਛੋਟੇ ਵੀਰ ਨੇ ਬੂਹਾ ਖੋਲ੍ਹਿਆ ਤਾਂ ਸਾਹਮਣੇ ਗੁਰਦਿਆਲ ਸਿੰਘ ਖੜ੍ਹਾ ਸੀ। ਚਿੰਟੂ ਪਿਓ ਨੂੰ ਵੇਖ ਕੇ ਖੁਸ਼ੀ ਨਾਲ ਉਸ ਨੂੰ ਚਿੰਬੜ ਗਿਆ। ਤੇਜਵੀਰ (35 ਕੁ ਸਾਲ ਦਾ ਪੜ੍ਹਿਆ ਲਿਖਿਆ, ਜਾਗਰੂਕ, ਸਮਝਦਾਰ ਅਤੇ ਨੇਕ-ਦਿਲ ਨੌਜਵਾਨ, ਜੋ ਸ਼ਹਿਰੋਂ ਆ ਕੇ ਉਸ ਪਿੰਡ ਵਿੱਚ ਕਿਸੇ ਵਿਸ਼ੇਸ਼ ਪ੍ਰੋਜੈਕਟ ਹੇਠ ਚਾਰ ਮਹੀਨੇ ਤੋਂ ਰਹਿ ਰਿਹਾ ਸੀ) ਗੁਰਦਿਆਲ ਸਿੰਘ ਦਾ ਹੱਥ ਫੜ ਕੇ ਉਸ ਨੂੰ ਅੰਦਰ ਵਿਹੜੇ ਵਿੱਚ ਲੈ ਆਇਆ। ਬਚਨ ਕੌਰ ਹੈਰਾਨੀ ਅਤੇ ਸ਼ਿਕਾਇਤ ਭਰੀਆਂ ਨਜ਼ਰਾਂ ਨਾਲ ਗੁਰਦਿਆਲ ਸਿੰਘ ਨੂੰ ਵੇਖ ਰਹੀ ਸੀ ਕਿ ਕੋਈ ਪਿਤਾ ਇਸ ਤਰ੍ਹਾਂ ਘਰ ਛੱਡ ਕੇ ਕਿਵੇਂ ਜਾ ਸਕਦੈ ਜਦੋਂ ਥੋੜ੍ਹੇ ਦਿਨਾਂ 'ਚ ਉਸ ਦੀ ਧੀ ਦਾ ਵਿਆਹ ਹੋਵੇ?

ਤੇਜਵੀਰ ਨੇ ਗੁਰਦਿਆਲ ਸਿੰਘ ਨੂੰ ਮੰਜੇ 'ਤੇ ਬਿਠਾਇਆ। ਮਨਪ੍ਰੀਤ ਰਸੋਈ 'ਚ ਕਈ ਤੇ ਦੋ ਗਲਾਸ ਪਾਣੀ ਲੈ ਆਈ ਤੇ ਦੋਵਾਂ ਅੱਗੇ ਧਰ ਦਿੱਤਾ। ਦੋਵਾਂ ਨੇ ਪਾਣੀ ਪੀਤਾ ਅਤੇ ਤੇਜਵੀਰ ਨੇ ਬਚਨ ਕੌਰ ਨੂੰ ਦੱਸਣਾ ਸ਼ੁਰੂ ਕੀਤਾ ਕਿ ਭਾਪਾ ਜੀ (ਗੁਰਦਿਆਲ ਸਿੰਘ) ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਨਹਿਰ ਕੰਢੇ 'ਤੇ ਮਿਲੇ ਜਦੋਂ ਉਹ ਕਿਸੇ ਕੰਮ ਲਈ ਸ਼ਹਿਰ ਜਾ ਰਿਹਾ ਸੀ। ਉਸ ਨੇ ਭਾਪਾ ਜੀ ਨੂੰ ਵੇਖਿਆ ਅਤੇ ਫੌਰਨ ਪਛਾਣ ਲਿਆ ਅਤੇ ਉਨ੍ਹਾਂ ਨੂੰ ਹਸਪਤਾਲ ਲੈ ਗਿਆ। ਜਦ ਸਿਹਤ ਵਿੱਚ ਕੁਝ ਸੁਧਾਰ ਹੋਇਆ ਤਾਂ ਆਪਣੇ ਘਰ ਲੈ ਗਿਆ। ਉਸ ਨੇ ਉਨ੍ਹਾਂ ਨੂੰ ਕੁਝ ਦਿਨ ਆਪਣੇ ਕੋਲ ਹੀ ਰੱਖਿਆ ਤੇ ਉਨ੍ਹਾਂ ਵੱਲੋਂ ਚੁੱਕੇ ਗਏ ਖੁਦਕੁਸ਼ੀ ਦੇ ਇਸ ਕਦਮ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਆਪਣੇ ਸਿਰ ਚੜ੍ਹਦੇ ਕਰਜ਼ੇ ਅਤੇ ਧੀ ਦੇ ਆ ਰਹੇ ਵਿਆਹ ਲਈ ਉਸ ਕੋਲ ਕੋਈ ਵੀ ਪੈਸਾ ਦੇਲਾ ਨਾ ਹੋਣ ਬਾਰੇ ਦੱਸਿਆ ਕਿ ਉਹ ਇਸ ਸ਼ਰਮਿੰਦਗੀ ਤੋਂ ਨਿਜਾਤ ਪਾਉਣ ਲਈ ਨਾ ਚਾਹੁੰਦੇ ਹੋਏ ਵੀ ਇਹ ਸਭ ਕਰਨ ਲਈ ਮਜਬੂਰ ਹੋ ਗਿਆ ਸੀ, ਪਰ ਮੇਰੇ ਵੱਲੋਂ ਦਿੱਤੇ ਹੌਸਲੇ ਤੇ ਸਭ ਕੁਝ ਵਧੀਆ ਹੋ ਜਾਣ ਦੇ ਦਿਲਾਸੇ ਅਤੇ ਆਪਣਾ ਪੂਰਾ ਸਹਿਯੋਗ ਦੇਣ ਦੇ ਵਾਅਦੇ ਨੇ ਉਨ੍ਹਾਂ ਨੂੰ ਮਜ਼ਬੂਤ ਕੀਤਾ ਅਤੇ ਹੁਣ ਉਹ ਦੁਬਾਰਾ ਇਸ ਤਰ੍ਹਾਂ ਨਹੀਂ ਕਰਨਗੇ।

ਤੇਜਵੀਰ ਨੇ ਬਚਨ ਕੌਰ ਨੇ ਕਿਹਾ, ''ਮਾਤਾ ਜੀ, ਤੁਸੀਂ ਕੋਈ ਫਿਕਰ ਨਹੀਂ ਕਰਨਾ, ਮੈਂ ਪਿੰਡ ਵਾਲਿਆਂ ਨਾਲ ਗੱਲ ਕਰਾਂਗਾ ਤੇ ਅਸੀਂ ਸਾਰੇ ਰਲ ਕੇ ਕੋਈ ਹੱਲ ਕੱਢਾਂਗੇ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਮਨਪ੍ਰੀਤ ਦਾ ਵਿਆਹ ਵਧੀਆ ਹੋ ਜਾਵੇਗਾ।'' ਤੇਜਵੀਰ ਦੀਆਂ ਇਨ੍ਹਾਂ ਗੱਲਾਂ ਨੇ ਬਚਨ ਕੌਰ ਤੇ ਗੁਰਦਿਆਲ ਸਿੰਘ ਨੂੰ ਬਹੁਤ ਧਰਵਾਸ ਦਿੱਤਾ ਕਿਉਂਕਿ ਉਹ ਜਾਣਦੇ ਸੀ ਕਿ ਸਾਰਾ ਪਿੰਡ ਤੇਜਵੀਰ ਦੀ ਬਹੁਤ ਇੱਜ਼ਤ ਤੇ ਸਤਿਕਾਰ ਕਰਦਾ ਸੀ ਕਿਉਂਕਿ ਤੇਜਵੀਰ ਪਿੰਡ ਵਾਲਿਆਂ ਦੀ ਹਰ ਪ੍ਰੇਸ਼ਾਨੀ ਨੂੰ ਸੁਲਝਾ ਦਿੰਦਾ ਸੀ ਅਤੇ ਪਿੰਡ ਦੇ ਲੋਕ ਤੇਜਵੀਰ ਦੀਸਲਾਹ ਲੈਂਦੇ ਤੇ ਮੰਨਦੇ ਵੀ ਸਨ।

ਅਗਲੇ ਦਿਨ ਸਰਪੰਚ ਨੂੰ ਕਹਿ ਕੇ ਤੇਜਵੀਰ ਨੇ ਪਿੰਡ ਦੇ ਲੋਕਾਂ ਨੂੰ ਇਕੱਠੇ ਕੀਤਾ ਤੇ ਉਨ੍ਹਾਂ ਨੂੰ ਗੁਰਦਿਆਲ ਸਿੰਘ ਦੀ ਪਰੇਸ਼ਾਨੀ ਬਾਰੇ ਦੱਸਿਆ। ਤੇਜਵੀਰ ਪਿੰਡ ਵਾਲਿਆਂ ਨੂੰ ਕਹਿਣ ਲੱਗਾ ਕਿ ''ਬੇਸ਼ੱਕ ਅੱਜ ਭਾਵੇਂ ਸਮਾਂ ਬਦਲ ਗਿਆ ਹੈ, ਸਭ ਆਪੋ-ਆਪਣੇ ਵਿੱਚ ਮਸਤ ਹਨ, ਕਿਸੇ ਨਾਲ ਕੋਈ ਬਹੁਤਾ ਮੋਹ ਪਿਆਰ ਅਤੇ ਰਿਸ਼ਤੇ-ਨਾਤੇ ਦੀਆਂ ਪਹਿਲਾਂ ਵਾਲੀਆਂ ਕਦਰਾਂ ਕੀਮਤਾਂ ਨਹੀਂ ਰਹੀਆਂ, ਪਰ ਅੱਜ ਵੀ ਅਸੀਂ ਇਨਸਾਨ ਹਾਂ ਅਤੇ ਸਾਨੂੰ ਇਨਸਾਨੀਅਤ ਤੋਂ ਕਦੇ ਪਿੱਛੇ ਨਹੀਂ ਹਟਣਾ ਚਾਹੀਦਾ। ਜੇ ਕਿਸੇ ਦੂਜੇ ਇਨਸਾਨ ਨੂੰ ਸਾਡੀ ਲੋੜ ਹੈ ਤਾਂ ਅਸੀਂ ਸਾਰੇ ਰਲ-ਮਿਲ ਕੇ ਉਸ ਦੀ ਜ਼ਰੂਰਤ ਪੂਰੀ ਕਰ ਸਕਦੇ ਹਾਂ। ਫਿਰ ਪਿੰਡ ਦੇ ਕਿਸੇ ਵੀ ਬੰਦੇ ਦੀ ਧੀ ਸਾਰੇ ਪਿੰਡ ਦੀ ਧੀ ਹੁੰਦੀ ਹੈ। ਇਸ ਵੇਲੇ ਗੁਰਦਿਆਲ ਸਿੰਘ ਨੂੰ ਸਾਡੀ ਜ਼ਰੂਰਤ ਹੈ ਅਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਜਿੰਨੀ ਵੀ ਸੰਭਵ ਹੋ ਸਕੇ ਉਸ ਦੀ ਮਦਦ ਜ਼ਰੂਰ ਕਰੀਏ।''

ਸਰਪੰਚ ਸਮੇਤ ਸਾਰੇ ਪਿੰਡ ਵਾਲਿਆਂ ਨੇ ਤੇਜਵੀਰ ਦੀਆਂ ਗੱਲਾਂ 'ਤੇ ਤਾੜੀਆਂ ਮਾਰ ਕੇ ਸਹਿਮਤੀ ਜਤਾ ਦਿੱਤੀ। ਸਭ ਤੇਜਵੀਰ ਤੋਂ ਆਪਣੇ ਹਿੱਸੇ ਦੀ ਸੇਵਾ ਜਾਨਣ ਲਈ ਉਤਸੁਕ ਸਨ।

ਤੇਜਵੀਰ, ਗੁਰਦਿਆਲ ਸਿੰਘ ਤੇ ਬਚਨ ਕੌਰ ਪਿੰਡ ਵਾਲਿਆਂ ਦੀ ਸਹਿਮਤੀ 'ਤੇ ਬਹੁਤ ਖੁਸ਼ ਸਨ। ਤੇਜਵੀਰ ਨੇ ਪਹਿਲਾਂ ਤੋਂ ਤਿਆਰ ਕੀਤੀ ਇੱਕ ਲਿਸਟ ਮੁਤਾ-ਬਕ ਪਿੰਡ ਦੇ ਲੋਕਾਂ ਨੂੰ ਉਨ੍ਹਾਂ ਦੇ ਹਿੱਸੇ ਦੇ ਕੰਮ 'ਤੇ ਲਾ ਦਿੱਤਾ। ਪਿੰਡ ਦਾ ਬੱਚਾ, ਬੁੱਢਾ ਤੇ ਨੌਜਵਾਨ ਹਰ ਕੋਈ ਬੜੀ ਰੀਝ ਨਾਲ ਕੰਮ ਕਰ ਰਹੇ ਸਨ, ਜਿਵੇਂ ਸੱਚੀਂ ਮਨਪ੍ਰੀਤ ਸਾਰੇ ਪਿੰਡ ਦੀ ਧੀ ਤੇ ਭੈਣ ਹੋਵੇ। ਗੁਰਦਿਆਲ ਸਿੰਘ ਦਾ ਘਰ ਸਜਾ ਦਿੱਤਾ ਗਿਆ। ਰਸਦ-ਰਾਸ਼ਨ ਸਭ ਕੁਝ ਪਹੁੰਚ ਗਿਆ। ਹਰ ਚੀਜ਼ ਲੋੜ ਤੋਂ ਵੱਧ ਸੀ ਤੇ ਆਖਰ ਵਿਆਹ ਦਾ ਦਿਨ ਆ ਗਿਆ। ਪੂਰਾ ਪਿੰਡ ਸਜਿਆ-ਧਜਿਆ ਨਜ਼ਰ ਆਉਂਦਾ ਸੀ। ਪਿੰਡ ਵਾਲੇ ਜਿਵੇਂ ਸਭ ਮਨਪ੍ਰੀਤ ਦੇ ਆਪਣੇ ਸਕੇ ਸੰਬੰਧੀ ਹੋਣ। ਪਿੰਡ ਵਾਲਿਆਂ ਨੇ ਆਈ ਬਾਰਾਤ ਦਾ ਸ਼ਾਨਦਾਰ ਸਵਾਗਤ ਕੀਤਾ। ਬਾਰਾਤੀ ਪ੍ਰਬੰਧ ਵੇਖ ਕੇ ਦੰਗ ਰਹਿ ਗਏ ਅਤੇ ਆਓਭਗਤ ਵੇਖ ਕੇ ਬਹੁਤ ਖੁਸ਼ ਸਨ। ਵਿਆਹ ਦੀ ਹਰ ਰਸਮ ਸ਼ਾਨਦਾਰ ਢੰਗ ਨਾਲ ਨਿਭਾਈ ਗਈ। ਅਜਿਹਾ ਲੱਗ ਰਿਹਾ ਸੀ ਜਿਵੇਂ ਕਿਸੇ ਸ਼ਹਿਜ਼ਾਦੀ ਦਾ ਵਿਆਹ ਹੋ ਰਿਹਾ ਹੋਵੇ। ਆਖਰ ਮਨਪ੍ਰੀਤ ਦੀ ਡੋਲੀ ਨੂੰ ਬੜੇ ਰੀਝ ਪਿਆਰ ਤੇ ਸ਼ਗਨਾਂ ਨਾਲ ਤੋਰਿਆ ਗਿਆ।

ਸਾਰੇ ਕੰਮ ਨੇਪਰੇ ਚਾੜ੍ਹ ਕੇ ਜਦੋਂ ਤੇਜਵੀਰ ਤੇ ਪਿੰਡ ਵਾਲੇ ਗੁਰਦਿਆਲ ਸਿੰਘ ਤੋਂ ਵਿਦਾ ਲੈਣ ਗਏ ਤਾਂ ਗੁਰਦਿਆਲ ਸਿੰਘ ਤੇ ਬਚਨ ਕੌਰ ਦੋਵੇਂ ਹੱਥ ਜੋੜ ਕੇ ਤੇਜਵੀਰ ਦੇ ਕਦਮਾਂ ਵਿੱਚ ਬੈਠ ਗਏ ਤੇ ਉਸ ਦਾ ਅਤੇ ਸਾਰੇ ਪਿੰਡ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸਨ।

ਤੇਜਵੀਰ ਨੇ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਉਠਾਇਆ ਤੇ ਹੱਥ ਜੋੜ ਕਹਿਣ ਲੱਗਾ ਕਿ ਇਹ ਸਭ ਇਹਨਾਂ ਪਿੰਡ ਵਾਲਿਆਂ ਕਰ ਕੇ ਸੰਭਵ ਹੋ ਸਕਿਆ ਹੈ। ਇਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਆਧੁਨਿਕਤਾ ਸਾਨੂੰ ਇਹ ਨਹੀਂ ਸਿਖਾਉਂਦੀ ਕਿ ਅਸੀਂ ਇਨਸਾਨੀਅਤ ਛੱਡ ਦੇਈਏ ਬਲਕਿ ਪਿੰਡ ਵਾਲਿਆਂ ਨੇ ਸਾਬਤ ਕੀਤਾ ਹੈ ਕਿ ਪਿੰਡਾਂ ਵਿੱਚ ਅੱਜ ਵੀ ਅਪਣਤ, ਪਿਆਰ ਅਤੇ ਭਾਈਚਾਰਕ ਸਾਂਝ ਮੌਜੂਦ ਹੈ ਤੇ ਉਹ ਇੱਕ ਦੂਜੇ ਦਾ ਦੁੱਖ-ਸੁੱਖ ਵੰਡਾਉਣਾ ਬਾਖੂਬੀ ਜਾਣਦੇ ਹਨ। ਤੇਜਵੀਰ ਨੇ ਪਿੰਡ ਵਾਲਿਆਂ ਦਾ ਧੰਨਵਾਦ ਕੀਤਾ ਤੇ ਸਭ ਆਪੋ-ਆਪਣੇ ਘਰਾਂ ਵੱਲ ਤੁਰ ਪਏ।

ਅੱਜ ਤੇਜਵੀਰ ਦਾ ਪ੍ਰੋਜੈਕਟ ਪੂਰਾ ਹੋ ਚੁੱਕਾ ਸੀ, ਜਿਸ ਲਈ ਉਹ ਇਸ ਪਿੰਡ ਵਿੱਚ ਰੁਕਿਆ ਸੀ। ਉਸ ਨੇ ਆਪਣੇ ਸ਼ਹਿਰ ਜਾਣਾ ਸੀ। ਸਾਰਾ ਪਿੰਡ ਇਕੱਠਾ ਹੋਇਆ ਅਤੇ ਸਭ ਦੀਆਂ ਅੱਖਾਂ ਨਮ ਸਨ ਜਿਵੇਂ ਕੋਈ ਆਪਣਾ ਉਨ੍ਹਾਂ ਤੋਂ ਦੂਰ ਜਾ ਰਿਹਾ ਸੀ। ਤੇਜਵੀਰ ਵੀ ਭਾਵੁਕ ਹੋ ਗਿਆ। ਉਸ ਨੇ ਕਿਹਾ ਕਿ ਉਹ ਉਨ੍ਹਾਂ ਵੱਲੋਂ ਮਿਲੇ ਪਿਆਰ ਨੂੰ ਹਮੇਸ਼ਾ ਯਾਦ ਰੱਖੇਗਾ ਅਤੇ ਉਮੀਦ ਕੀਤੀ ਕਿ ਜੇ ਫਿਰ ਕਦੇ ਕਿਸੇ ਪਿੰਡ ਵਾਲੇ ਨੂੰ ਕੋਈ ਮੁਸ਼ਕਲ ਆਈ ਤਾਂ ਸਾਰਾ ਪਿੰਡ ਮਿਲ ਕੇ ਇੱਕ-ਦੂਜੇ ਦਾ ਸਾਥ ਦੇਣਗੇ।

## ਵਿਅੰਗ

# ਲੇਖਕ ਦੀ ਆਤਮ ਨਿਰਭਰਤਾ ਦੇ ਨਾਲ ਸਮਝੌਤਾ ਨਹੀਂ

-ਅਭਿਸ਼ੇਕ ਅਵਸਥੀ-

ਮੈਂ ਠਾਣ ਲਿਆ ਹੈ। ਖੁਦ ਨੂੰ ਆਤਮ ਨਿਰਭਰ ਮੰਨ ਲਿਆ ਹੈ। ਅੱਜ ਤਾਂ ਮਾਲਕ ਵੀ ਆਤਮ ਨਿਰਭਰ ਬਣਨ ਨੂੰ ਕਹਿੰਦੇ ਹਨ ਤਾਂ ਮੈਂ ਇੱਕ ਆਤਮ ਨਿਰਭਰ ਲੇਖਕ ਬਣਾਂਗਾ। ਅੱਜ ਤੋਂ 'ਕਟ-ਕਾਪੀ ਪੇਸਟ' ਦਾ ਸਿਧਾਂਤ ਤਿਆਗਦਾ ਹਾਂ। ਕਿੰਨਾ ਹੀ ਬੇਕਾਰ ਕਿਉਂ ਨਾ ਲਿਖਾਂ, ਲਿਖਾਂਗਾ ਖਾਲਸ ਆਪਣਾ ਹੀ, ਅਰਥਾਤ ਸਿਧਾਂਤ ਵਿੱਚ ਜਿਸ ਨੂੰ ਮੌਲਿਕ ਕਹਿੰਦੇ ਹਨ। ਸਹੁੰ ਖਾਂਦਾ ਹਾਂ ਕਿ ਦਿਮਾਗ ਵਿੱਚ ਅੱਜ ਤੋਂ ਰਚਨਾ ਦਾ ਮੌਲਿਕ ਬੀਜ ਹੀ ਪੈਦਾ ਹੋਵੇਗਾ। ਸਾਹਿਤਕ ਚੋਰੀ-ਚਕਾਰੀ ਮੈਂ ਉੱਚੇ ਲੈਵਲ ਵਾਲਿਆਂ ਲਈ ਛੱਡ ਰਿਹਾ ਹਾਂ। ਜ਼ਿੰਦਗੀ ਵਿੱਚ ਕੁਝ ਨਵਾਂ ਕਰਨ ਦੀ ਪ੍ਰੇਰਨਾ ਮਿਲੀ ਹੈ। ਪੂਰਨ ਰੂਪ ਨਾਲ ਆਤਮ ਨਿਰਭਰ ਲੇਖਕ ਬਣਨ ਲਈ ਮੇਰੀ ਯੋਜਨਾ ਇਸ ਪ੍ਰਕਾਰ ਰਹੇਗੀ : ਉਧਾਰ ਦੀ ਸਟੇਸ਼ਨਰੀ ਦਾ ਚੀਨੀ ਐਪ ਦੀ ਤਰ੍ਹਾਂ ਬਾਈਕਾਟ ਕਰਾਂਗਾ। ਖੁਦ ਦੇ ਪੈੱਨ ਨਾਲ, ਖੁਦ ਦੇ ਕਾਗਜ਼ ਉਤੇ, ਖੁਦ ਦੀ ਰਚਨਾ ਲਿਖਾਂਗਾ।

ਰਚਨਾਵਾਂ ਦੀ 'ਹਾਫ-ਸੈਂਚੁਰੀ' ਹੁੰਦੇ ਹੀ ਉਨ੍ਹਾਂ ਨੂੰ ਜਿਲਦ ਕਰਾਵਾਂਗਾ। ਖਰੜਾ ਤਿਆਰ ਕਰ ਕੇ ਉਸ ਨੂੰ ਡਾਕ ਰਾਹੀਂ ਨਾਮਵਰ ਪ੍ਰਕਾਸ਼ਕ ਨੂੰ ਭੇਜਾਂਗਾ। ਦੌਰ-ਏ-ਆਤਮ ਨਿਰਭਰਤਾ ਵਿੱਚ ਪ੍ਰਕਾਸ਼ਕ ਦੀ ਕੁਰਸੀ ਮੇਰੀ ਹੀ ਹੋਵੇਗੀ। ਡਾਕ ਰਾਹੀਂ ਇੱਕ ਮਹੀਨੇ ਦਾ ਸਮਾਂ ਲੱਗੇਗਾ। ਉਸ ਦੇ ਬਾਅਦ ਪ੍ਰਕਾਸ਼ਕ ਨੂੰ ਅਰਥਾਤ ਮੈਨੂੰ ਖਰੜਾ ਮਿਲੇਗਾ।

ਦੋ ਮਹੀਨੇ ਬਾਅਦ, ਖੁਦ ਨੂੰ ਈ-ਮੇਲ ਕਰਾਂਗਾ, 'ਨਮਸਕ-ਾਰ! ਖਰੜਾ ਮਿਲਿਆ। ਸੰਪਾਦਕ ਮੰਡਲ ਇਸ 'ਤੇ ਵਿਚਾਰ ਕਰੇਗਾ। ਸਮਾਂ ਲੱਗੇਗਾ। ਧੀਰਜ ਰੱਖੋ। ਵਾਰ-ਵਾਰ ਫੋਨ ਕਰ ਕੇ ਸਾਨੂੰ ਪਰੇਸ਼ਾਨ ਕੀਤਾ ਤਾਂ ਠੀਕ ਨਹੀਂ ਹੋਵੇਗਾ।'

ਤਿੰਨ ਮਹੀਨੇ ਬਾਅਦ ਮੈਂ ਪ੍ਰਕਾਸ਼ਕ ਵਾਲੇ ਈ-ਮੇਲ ਆਈ ਡੀ ਤੋਂ ਖੁਦ ਅਰਥਾਤ ਲੇਖਕ ਨੂੰ ਮਨਜ਼ੂਰੀ ਦੀ ਮੇਲ ਕਰ ਦਿਆਂਗਾ ਅਤੇ ਮਨਜ਼ੂਰੀ ਦੀ ਸੂਚਨਾ ਸੋਸ਼ਲ ਮੀਡੀਆ 'ਤੇ ਵਾਇਰਲ ਕਰਾਂਗਾ। ਵਧਾਈ ਦੀਆਂ ਲਗਭਗ ਸੌ ਟਿੱਪਣੀਆਂ ਤਾਂ ਮੈਂ ਖੁਦ ਹੀ ਕਰ ਦਿਆਂਗਾ।

ਕੁਝ ਨਵਾਂ ਅੰਕੁਰ ਲੇਖਕਾਂ ਨੂੰ ਤੇਜ਼ੀ ਨਾਲ ਫੁਟਣ ਨੂੰ ਪ੍ਰੇਰਤ ਕਰਾਂਗਾ ਤਾਂ ਕਿ ਉਹ ਸ਼ੁਭ ਕਾਮਨਾਵਾਂ ਨੂੰ ਸਾਲਾਂ ਤੋਂ ਮੇਰੀ ਖਾਲੀ ਪਈ ਫੇਸਬੁਕ ਵਾਲ ਦੇ ਤਲਾਬ ਨੂੰ ਭਰ ਦੇਣ। ਕੁਝ ਸੀਨੀਅਰਾਂ ਤੋਂ ਉਨ੍ਹਾਂ ਦੀਆਂ ਕਿਤਾਬਾਂ ਦਾ ਅਮੇਜ਼ਨ ਦਾ ਲਿੰਕ ਲਵਾਂਗਾ। ਮਜਬੂਰਨ ਉਹ ਫੇਸਬੁਕ 'ਤੇ ਮੇਰੀ ਲਿਖਤ ਦੀ ਪ੍ਰਸ਼ੰਸਾ ਕਰਨਗੇ। ਫਿਰ ਕੌਣ ਲੇਖਕ? ਕਿਹੜੀਆਂ ਕਿਤਾਬਾਂ?

ਅੱਜਕੱਲ੍ਹ ਕਿਤਾਬ ਦੇ ਕਵਰ ਤੋਂ ਲੋਕ ਜੱਜ ਕਰ ਲੈਂਦੇ ਹਨ। ਇਸ ਲਈ ਪੁਸਤਕ ਦਾ ਤੜਕਦਾ-ਭੜਕਦਾ ਕਵਰ ਬਣਾਵਾਂਗਾ। ਬਹੁਤਾ ਹੋਇਆ ਤਾਂ ਕਿਸੇ ਮਾਡਲ ਦੀ ਤਸਵੀਰ ਕਵਰ ਉੱਤੇ ਲਾਵਾਂਗਾ, ਕਿਉਂਕਿ ਬਤਰਜ 'ਜੋ ਦਿਸਦਾ ਹੈ, ਉਹੀ ਵਿਕਦਾ ਹੈ', ਕਵਰ ਦੀ ਰੋਜ਼ਾਨਾ ਮਾਰਕੀਟਿੰਗ ਕਰਾਂਗਾ। ਆਪਣਾ ਹੱਥ ਜਗਨਨਾਥ। ਇਸ਼ਤਿਹਾਰ ਆਪਣੇ ਹੱਥ। ਰੋਜ਼ ਲੋਕਾਂ ਨੂੰ ਵਟਸਐਪ, ਮੈਸੇਂਜਰ, ਈ ਮੇਲ ਆਦਿ 'ਤੇ ਖੁਦ ਕਿਤਾਬ ਦਾ ਕਵਰ ਭੇਜ ਕੇ ਲੋਕਾਂ ਤੋਂ ਕਵਰ 'ਤੇ ਪ੍ਰਤੀਕਿਰਿਆਵਾਂ ਮੰਗਾਂਗਾ, ਪਰ ਆਤਮ ਨਿਰਭਰਤਾ ਨਾਲ ਕੋਈ ਸਮਝੌਤਾ ਨਹੀਂ। ਆਖਰੀ ਰਾਏ ਮੇਰੀ ਹੀ ਹੋਵੇਗੀ।

ਭੂਮਿਕਾ, ਫਲੈਪ ਆਦਿ ਦਾ ਮੈਟਰ ਮੈਂ ਆਪਣੇ 'ਨਿਕ ਨੇਮ' ਨਾਲ ਲਿਖ ਲਵਾਂਗਾ। ਪ੍ਰਕਾਸ਼ਕ ਅਰਥਾਤ ਮੇਰਾ ਕਹਿਣਾ ਹੈ ਕਿ ਮੈਂ ਬਹੁਤ ਵੱਡਾ ਲੇਖਕ ਹਾਂ। ਵੱਡਾ ਲੇਖਕ ਗਲਤੀਆਂ ਨਹੀਂ ਕਰਦਾ। ਪਰੂਫ ਰੀਡਿੰਗ ਦੀ ਜ਼ਰੂਰਤ ਨਹੀਂ ਪਵੇਗੀ। ਪ੍ਰਕਾਸ਼ਕ ਯਾਨੀ ਕਿ ਮੈਂ, ਕਿਤਾਬ ਦੀ ਪੂਰੀ ਪ੍ਰਿੰਟਿੰਗ ਘਰੇਲੂ ਪ੍ਰਿੰਟਰ 'ਤੇ ਹੀ ਕਰੇਗਾ। ਪ੍ਰਕਾਸ਼ਕ ਡਾਕ ਦੁਆਰਾ ਕਿਤਾਬ ਦੀ ਕਾਪੀ ਮੇਰੇ ਤੱਕ ਪੁਚਾਏਗਾ। ਮੈਂ ਖੁਦ ਨੂੰ ਆਪਣੀ ਕਿਤਾਬ ਦੀ ਪਹਿਲੀ ਕਾਪੀ ਭੇਂਟ ਕਰਾਂਗਾ। ਦੋ-ਚਾਰ ਸੈਲਫੀ ਲਵਾਂਗਾ। ਲੇਖਕ ਤੇ ਕਿਤਾਬ ਦਾ ਚਿੱਤਰ ਸੋਸ਼ਲ ਮੀਡੀਆ 'ਤੇ ਪਾਵਾਂਗਾ। ਕਿਸੇ ਵੱਡੇ ਲੇਖਕ ਦੀ ਤਸਵੀਰ ਨਾਲ ਕਿਤਾਬ ਦੀ ਤਸਵੀਰ ਲਾਵਾਂਗਾ। ਦੱਸਾਂਗਾ ਕਿ ਫਲਾਣੇ ਲੇਖਕ ਦੀ ਕਿਤਾਬ ਨਾਲ ਟੱਕਰ ਲੈ ਰਹੀ ਹੈ ਮੇਰੀ ਕਿਤਾਬ, ਪਰ ਇਹ ਸਭ ਪ੍ਰਕਾਸ਼ਕ ਦੀ ਆਈ ਡੀ ਨਾਲ ਹੋਵੇਗਾ। ਪ੍ਰਕਾਸ਼ਕ ਨੂੰ ਪੂਰਾ ਪੇਮੈਂਟ ਕਰਾਂਗਾ। ਇਸ ਦੌਰ ਵਿੱਚ ਰਾਇਲਟੀ ਵਗੈਰਾ ਦੀ ਗੱਲ ਬੇਮਾਇਨੇ ਹੈ। ਫਿਰ ਵੀ ਪ੍ਰਕਾਸ਼ਕ ਦੇ ਕਹਿਣ 'ਤੇ ਕਰਾਰ ਦੇ ਤਹਿਤ ਰਾਇਲਟੀ ਲੈ ਲਵਾਂਗਾ। ਪ੍ਰਕਾਸ਼ਕ ਤੈਅ ਰਾਇਲਟੀ ਤੋਂ ਅੱਧੀ ਰਕਮ ਅਦਾ ਕਰੇਗਾ। ਪ੍ਰਕਾਸ਼ਕ ਯਾਨੀ ਮੈਂ, ਲੇਖਕ (ਮੈਂ ਹੀ) ਦਾ ਭਰਪੂਰ ਸ਼ੋਸ਼ਣ ਕਰੇਗਾ। ਰਸਮ ਹੈ ਤਾਂ ਨਿਭਾਉਣੀ ਹੀ ਪਵੇਗੀ। ਆਤਮ ਨਿਰਭਰਤਾ ਨਾਲ ਕੋਈ ਸਮਝੌਤਾ ਨਾ ਕਰਦੇ ਹੋਏ ਖੁਦ ਦਾ ਸ਼ੋਸ਼ਣ ਵੀ ਕਰ ਲਵਾਂਗਾ।

ਅੱਗੋਂ ਵਾਰੀ ਉਸ ਦੀ, ਜਿਸ ਦੇ ਲਈ ਕਿਤਾਬ ਲਿਖੀ ਗਈ ਹੈ। ਪ੍ਰਕਾਸ਼ਕ ਯਾਨੀ ਕਿ ਮੈਂ, ਕਿਤਾਬ ਨੂੰ ਪਾਠਕ ਤੱਕ ਯਾਨੀ ਕਿ ਮੇਰੇ ਤੱਕ ਪਹੁੰਚਾਏਗਾ। ਆਤਮ ਨਿਰਭਰਤਾ ਨਾਲ ਸਮਝੌਤਾ ਨਹੀਂ। ਕਿਤਾਬ ਇੰਨੀ ਵਧੀਆ ਹੋਵੇਗੀ ਕਿ ਮੈਂ ਉਸ ਨੂੰ ਕਈ-ਕਈ ਵਾਰ ਪੜ੍ਹ ਜਾਵਾਂਗਾ। ਆਖਰੀ ਪੜਾਅ। ਪੂਰੀ ਆਤਮ ਨਿਰਭਰਤਾ ਦੇ ਨਾਲ ਪੁਸਤਕ ਨੂੰ ਸਮੀਖਿਅਕ ਤੱਕ ਭੇਜਿਆ ਜਾਏਗਾ। ਇਹ ਦੱਸਣ ਦੀ ਲੋੜ ਨਹੀਂ ਕਿ ਸਮੀਖਿਅਕ ਕੌਣ ਹੋਵੇਗਾ। ਆਖਰ ਆਤਮਨਿਰਭਰਤਾ ਵੱਲ ਵਧ ਰਿਹਾ ਹਾਂ ਭਰਾ। ਸਮੀਖਿਅਕ ਸਾਵਧਾਨੀ ਨਾਲ ਕਿਤਾਬ ਦੇ ਹਰ ਇੱਕ 'ਵਾਲ ਕੀ ਖਾਲ' ਕੱਢੇਗਾ। ਵੱਧ ਤੋਂ ਵੱਧ ਤਰੁੱਟੀਆਂ ਕੱਢ ਕੇ ਉਹ ਹਰ ਤਰ੍ਹਾਂ ਨਾਲ ਸਮੀਖਿਆ ਧਰਮ ਦਾ ਪੂਰਨ ਰੂਪ ਨਾਲ ਪਾਲਣ ਕਰੇਗਾ।

ਇਸ ਪ੍ਰਕਾਰ ਮੈਂ ਇੱਕ ਖੁਦ ਇੱਕ ਪੂਰਨ ਆਤਮ ਨਿਰਭਰ ਲੇਖਕ ਬਣ ਕੇ ਨਾਂਅ ਰੋਸ਼ਨ ਕਰਾਂਗਾ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

## ਤਨਖ਼ਾਹੀਏ ਕਰਾਰ ਦਿੱਤੇ ਦੋ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਅਕਾਲ ਤਖ਼ਤ ਵਿਖੇ ਸਪੱਸ਼ਟੀਕਰਨ ਪੇਸ਼

ਅੰਮ੍ਰਿਤਸਰ, 6 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨਾਲ ਮਿਲਵਰਤਣ ਰੱਖਣ ਦੇ ਦੋਸ਼ 'ਚ ਸ੍ਰੀ ਅਕਾਲ ਤਖਤ ਵੱਲੋਂ ਤਨਖ਼ਾਹੀਏ ਕਰਾਰ ਦਿੱਤੇ ਗਏ ਹਲਕਾ ਕਾਦੀਆਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰ-ਦਰਪਾਲ ਸਿੰਘ ਗੋਰਾ ਤੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਰਤਨ ਸਿੰਘ ਜ਼ਫਰਵਾਲ ਆਪਣਾ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਪੁੱਜੇ। ਜਥੇਦਾਰ ਦੇ ਨਾਂਅ ਉਨ੍ਹਾਂ ਦੇ ਨਿੱਜੀ ਸਹਾਇਕ ਨੂੰ ਦਿੱਤੇ ਪੱਤਰ 'ਚ ਉਨ੍ਹਾਂ ਨੇ ਕਿਹਾ ਕਿ ਸਾਡੇ ਵੱਲੋਂ ਜਾਣੇ ਅਨਜਾਣੇ ਵਿੱਚ ਜੋ ਕੋਈ ਵੀ ਗਲਤੀ ਹੋਈ ਹੈ, ਅਸੀਂ ਉਸ ਦੀ ਖਿਮਾ ਯਾਚਨਾ ਕਰਦੇ ਹਾਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਹੁਕਮ ਦੀ ਪਾਲਣਾ ਕਰਾਂਗੇ।

ਸ੍ਰੀ ਅਕਾਲ ਤਖਤ ਵਿਖੇ ਇਹ ਪੱਤਰ ਸੌਂਪਣ ਮਗਰੋਂ ਸਕੱਤਰੇਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਿੰਦਰਪਾਲ ਸਿੰਘ ਗੋਰਾ ਨੇ ਕਿਹਾ ਕਿ ਮੈਂ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਮੰਨਦਾ ਹਾਂ ਤੇ ਮੇਰਾ ਪਰਵਾਰ ਹਮੇਸ਼ਾਂ ਤੋਂ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਿਹਾ ਹੈ। ਸੁੱਚਾ ਸਿੰਘ ਲੰਗਾਹ ਨਾਲ ਸਾਂਝ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਉਸ ਦੇ ਅੰਮ੍ਰਿਤ ਪਾਨ ਕਰਨ ਵੇਲੇ ਹਾਜ਼ਰ ਨਹੀਂ ਸਨ। ਇਸੇ ਦੌਰਾਨ ਰਤਨ ਸਿੰਘ ਜ਼ੱਫਰਵਾਲ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਰਬ ਉਚ ਹਨ, ਜੋ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮ ਹੋਵੇਗਾ, ਉਸ ਦੀ ਪਾਲਣਾ ਕਰਨਗੇ।

## ਅਕਾਲ ਤਖਤ ਦੇ ਜਥੇਦਾਰ ਰਾਮ ਮੰਦਰ ਸਮਾਗਮ ਲਈ ਅਯੁੱਧਿਆ ਨਹੀਂ ਗਏ

ਅੰਮ੍ਰਿਤਸਰ, 6 ਅਗਸਤ (ਪੋਸਟ ਬਿਊਰੋ)- ਅਯੁੱਧਿਆ ਵਿੱਚ ਸ੍ਰੀ ਰਾਮ ਮੰਦਰ ਬਣਾਉਣ ਲਈ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਕੱਲ੍ਹ ਅਯੁੱਧਿਆ ਦੇ ਗੁਰਦੁਆਰਾ ਸ੍ਰੀ ਬ੍ਰਹਮਕੁੰਡ ਸਾਹਿਬ ਵਿੱਚ ਵਿਸ਼ੇਸ਼ ਅਰਦਾਸ ਕੀਤੀ, ਪਰ ਜਥੇਦਾਰ ਸ੍ਰੀ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਓਥੇ ਨਹੀਂ ਗਏ।



ਵਰਨਣ ਯੋਗ ਹੈ ਕਿ ਸ੍ਰੀ ਰਾਮ ਜਨਮ ਭੂਮੀ ਸੰਗਤ ਨੇ ਅੰਮ੍ਰਿਤਸਰ ਆ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਓਥੇ ਪਹੁੰਚਣ ਅਤੇ ਅਰਦਾਸ ਕਰਨ ਦੀ ਅਪੀਲ ਕੀਤੀ ਸੀ, ਪਰ ਉਹ ਓਥੇ ਨਹੀਂ ਗਏ। ਉਨ੍ਹਾਂ ਦੇ ਇਲਾਵਾ ਦੂਸਰੇ ਤਖਤਾਂ ਦੇ ਮੌਜੂਦ ਜਥੇਦਾਰ ਵੀ ਨਹੀਂ ਅਯੁੱਧਿਆ ਨਹੀਂ ਗਏ। ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਅਰਦਾਸ ਦੇ ਬਾਅਦ ਰਾਸ਼ਟਰੀ ਸਿੱਖ ਸੰਗਤ ਦੀ ਅਗਵਾਈ ਵਿੱਚ ਸਿੱਖਾਂ ਦੇ ਅਲੱਗ-ਅਲੱਗ ਧਾਰਮਿਕ ਸਥਾਨਾਂ ਦੇ ਸਰੋਵਰਾਂ ਤੋਂ ਇਕੱਠਾ ਕੀਤਾ ਹੋਇਆ ਜਲ ਸ੍ਰੀ ਰਾਮ ਮੰਦਰ ਬਣਾਉਣ ਲਈ ਭੇਟ ਕੀਤਾ। ਇਸ ਮੌਕੇ ਰਾਸ਼ਟਰੀ ਸਿੱਖ ਸੰਗਤ ਦੇ ਮੁਖੀ ਗੁਰਚਰਨ ਸਿੰਘ ਗਿੱਲ, ਰਾਸ਼ਟਰੀ ਕਾਰਜਕਾਰੀ ਮੁਖੀ ਗੁਰਬਚਨ ਸਿੰਘ ਮੋਖਾ, ਭਾਰਤੀ ਵਾਲਮੀਕ ਧਰਮ ਸਮਾਜ ਦੇ ਰਾਸ਼ਟਰੀ ਧਰਮ ਗੁਰੂ ਡਾਕਟਰ ਦੇਵਾ ਸਿੰਘ ਅਤੇ ਸੰਤ ਨਿਰਮਲ ਸਿੰਘ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਅਰਦਾਸ ਦੌਰਾਨ ਭਾਜਪਾ ਦੇ ਨੇਤਾ ਆਰ ਪੀ ਸਿੰਘ ਅਤੇ ਸਿੱਖ ਭਾਈਚਾਰੇ ਦੇ ਵੱਡੇ ਆਗੂ ਵੀ ਮੌਜੂਦ ਸਨ।

## ਦੋਹਰੇ ਖੁਦਕੁਸ਼ੀ ਕਾਂਡ ਬਾਰੇ ਧੀ ਨੇ ਵੀਡੀਓ ਵਿੱਚ ਅਹਿਮ ਭੇਦ ਖੋਲ੍ਹੇ

ਪਾਤੜਾਂ, 6 ਅਗਸਤ (ਪੋਸਟ ਬਿਊਰੋ)- ਹਲਕਾ ਸ਼ੁਤਰਾਣਾ ਦੇ ਇੱਕ ਅਕਾਲੀ ਆਗੂ ਵੱਲੋਂ ਦੋ ਕੁ ਮਹੀਨੇ ਪਹਿਲਾਂ ਆਪਣੇ ਘਰ ਵਿੱਚ ਗੋਲੀ ਮਾਰ ਕੇ ਖੁਦਕੁਸ਼ੀ ਕਰਨ ਤੇ ਬਾਅਦ ਪੁਲਸ ਜਾਂਚ ਤੋਂ ਡਰਦਿਆਂ ਉਸ ਦੀ ਪਤਨੀ ਵੱਲੋਂ ਕੀਤੀ ਖੁਦਕੁਸ਼ੀ ਦੇ ਮਾਮਲੇ ਵਿੱਚ ਨਵੇਂ ਖੁਲਾਸੇ ਹੋਣ ਲੱਗੇ ਹਨ। ਇਹ ਖੁਲਾਸੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਰਾਹੀਂ ਮਰਹੂਮ ਅਕਾਲੀ ਆਗੂ ਗੁਰਸੇਵਕ ਸਿੰਘ ਧੂਹੜ ਦੀ ਗਿਆਰਾਂ ਸਾਲਾ ਬੇਟੀ ਨੇ ਕੀਤੇ ਹਨ। ਇਸ ਵੀਡੀਓ ਬਾਰੇ ਇਸ ਕੁੜੀ ਦੇ ਨਾਨਕਾ ਪਰਵਾਰ ਨੇ ਜ਼ਿਲਾ ਪਟਿਆਲਾ ਦੀ ਪੁਲਸ ਤੋਂ ਮੰਗ ਕੀਤੀ ਹੈ ਕਿ ਉਕਤ ਖੁਦਕੁਸ਼ੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਤੇ ਹੋਰਨਾਂ ਖਿਲਾਫ ਕੇਸ ਰੱਦ ਕੀਤਾ ਜਾਵੇ।

ਮਰਹੂਮ ਅਕਾਲੀ ਆਗੂ ਦੀ ਬੇਟੀ ਨੇ ਵੀਡੀਓ 'ਚ ਕਿਹਾ ਹੈ ਕਿ ਖੁਦਕੁਸ਼ੀ ਵਾਲੀ ਸਵੇਰ ਉਸ ਦੀ ਮਾਂ ਉਨ੍ਹਾਂ ਨੂੰ ਚਾਹ ਦੇ ਕੇ ਗੱਲ ਕਰ ਰਹੀ ਸੀ, ਜੇ ਦਾਦੀ, ਤਾਏ ਤੇ ਫੁੱਫੜ ਦੇ ਨਾਂਅ ਨਹੀਂ ਲਵਾਂਗੇ ਤਾਂ ਪੁਲਸ ਨੇ ਖਹਿੜਾ ਨਹੀ ਛੱਡਣਾ ਤੇ ਫੋਨ ਦਾ ਪਾਸਵਰਡ ਬਦਲ ਕੇ ਅਲਮਾਰੀ ਵਿੱਚ ਰੱਖ ਦਿੱਤਾ ਸੀ। ਵੀਡੀਓ 'ਚ ਇਸ ਕੁੜੀ ਨੇ ਇਹ ਵੀ ਕਿਹਾ ਹੈ ਕਿ ਉਸ ਦੇ ਪਿਤਾ ਦੀ ਮੌਤ ਵਾਲੀ ਰਾਤ ਨੂੰ ਮੰਮੀ ਨੇ ਮਿਲਕ ਸ਼ੇਕ ਬਣਾ ਕੇ ਪਿਆਉਣ ਮਗਰੋਂ ਉਸ ਨੂੰ ਥੱਲੇ ਕੰਬਲ ਲੈਣ ਭੇਜਿਆ ਜਿੱਥੇ ਉਸ ਦੇ ਡੈਡੀ ਸੁੱਤੇ ਸੀ। ਵਾਪਸ ਜਾਣ 'ਤੇ ਮੰਮੀ ਨੇ ਪੁੱਛਿਆ ਕਿ ਤੇਰੇ ਡੈਡੀ ਘੁਰਾੜੇ ਮਾਰਦੇ ਨੇ। ਸਵੇਰੇ ਪਤਾ ਲੱਗਾ ਕਿ ਡੈਡੀ ਨੇ ਖੁਦਕੁਸ਼ੀ ਕਰ ਲਈ ਹੈ। ਉਸ ਦੱਸਿਆ ਕਿ ਰੋਹੀ ਨਾਂਅ ਦਾ ਵਿਅਕਤੀ ਰਾਤ ਨੂੰ ਉਨ੍ਹਾਂ ਦੇ ਘਰ ਇੱਕ ਬਾਰੀ ਰਾਹੀਂ ਆਉਂਦਾ ਸੀ। ਇੱਕ ਰਾਤ ਉਹ ਬੈੱਡ ਤੋਂ ਡਿੱਗ ਗਈ ਤਾਂ ਉਸ ਨੇ ਵੇਖਿਆ ਕਿ ਉਹ ਮੰਮੀ ਨਾਲ ਗੱਲਾਂ ਕਰ ਰਿਹਾ ਸੀ। ਬੱਚੀ ਨੇ ਕਿਹਾ ਕਿ ਉਹ ਡੈਡੀ ਦੀ ਗੈਰ ਹਾਜ਼ਰੀ ਵਿੱਚ ਅਕਸਰ ਆਉਂਦਾ ਸੀ। ਮਰਹੂਮ ਧੂਹੜ ਦੀ ਬੇਟੀ ਦੇ ਇਸ ਖੁਲਾਸੇ ਮਗਰੋਂ ਅਕਾਲੀ ਆਗੂ ਦੀ ਪਤਨੀ ਦੇ ਪੇਕੇ ਪਰਵਾਰ ਨੇ ਆਪਣੀ ਧੀ ਦੀ ਖੁਦਕੁਸ਼ੀ ਪਿੱਛੋਂ ਵਾਇਰਲ ਵੀਡੀਓ ਨੂੰ ਸਾਜ਼ਿਸ਼ ਤਹਿਤ ਤਿਆਰ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਪੁਲਸ ਤੋਂ ਮੰਗ ਕੀਤੀ ਹੈ ਕਿ ਮ੍ਰਿਤਕਾ ਦੀ ਸੱਸ ਗੁਰਮੇਲ ਕੌਰ, ਜੇਠ ਰਾਮਫੱਲ ਸਿੰਘ ਅਤੇ ਡੀ ਟੀ ਓ ਕਰਨ ਸਿੰਘ ਤੇ ਲਾਲਾ ਯਾਦਵ ਦੇ ਖਿਲਾਫ ਕਤਲ ਦੀਆਂ ਧਾਰਾਵਾਂ ਤਹਿਤ ਦਰਜ ਕੇਸ ਰੱਦ ਕਰ ਕੇ ਉਸ ਵਿਅਕਤੀ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਜਿਹੜਾ ਵਿਅਕਤੀ ਦੋਵੇਂ ਮੌਤਾਂ ਲਈ ਜ਼ਿੰਮੇਵਾਰ ਹੈ।

ਖੇਤੀ ਮਸ਼ੀਨਰੀ ਸਬਸਿਡੀ ਮਾਮਲਾ

## ਜ਼ਮੀਨ ਮਾਲਕ ਨਾ ਹੋਣ ਕਾਰਨ ਬਹੁਤੇ ਕਿਸਾਨ ਸਬਸਿਡੀ ਤੋਂ ਵਾਂਝੇ ਰਹਿ ਜਾਣਗੇ

ਲੁਧਿਆਣਾ, 6 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪਿਛਲੇ ਲੰਬੇ ਸਮੇਂ ਤੋਂ ਮਨੁੱਖੀ ਜ਼ਿੰਦਗੀਆਂ ਲਈ ਖ਼ਤਰਾ ਬਣੇ ਝੋਨੇ ਦੀ ਪਰਾਲੀ ਦੇ ਧੂੰਏਂ ਦੇ ਮਸਲੇ ਨੂੰ ਹੱਲ ਕਰਨ ਲਈ ਇੱਕ ਵੱਡਾ ਫ਼ੈਸਲਾ ਲਿਆ ਅਤੇ ਪਰਾਲੀ ਨੂੰ ਖੇਤ ਅੰਦਰ ਹੀ ਖ਼ਤਮ ਕਰਨ ਵਾਲੀ ਖੇਤੀ ਮਸ਼ੀਨਰੀ 'ਤੇ ਖੇਤੀ ਵਿਭਾਗ ਰਾਹੀਂ ਵੱਡੀ ਸਬਸਿਡੀ ਦੇਣ ਦਾ ਐਲਾਨ ਕਰ ਦਿੱਤਾ ਹੈ, ਪਰ ਇਸ ਐਲਾਨ ਨਾਲ ਜਿੱਥੇ ਵੱਡੇ ਜਾਂ ਜ਼ਮੀਨ ਦੇ (ਜਿਨ੍ਹਾਂ ਦੇ ਨਾਂਅ ਜ਼ਮੀਨ ਦੀ ਫ਼ਰਦ 'ਚ ਦਰਜ ਹੋਣ) ਮਾਲਕ ਕਿਸਾਨਾਂ ਵਿੱਚ ਖੁਸ਼ੀ ਹੈ, ਉਥੇ ਛੋਟੇ ਜਾਂ ਆਪਣੇ ਪਰਵਾਰਾਂ ਤੋਂ ਵੱਖ ਰਹਿੰਦੇ ਉਹ ਕਿਸਾਨ, ਜਿਨ੍ਹਾਂ ਦੇ ਨਾਂਅ 'ਤੇ ਜ਼ਮੀਨ ਦੀ ਮਾਲਕੀ ਨਹੀਂ ਬੋਲਦੀ, ਮਾਯੂਸ ਜਾਪਦੇ ਹਨ। ਖੇਤੀ ਵਿਭਾਗ ਨੇ ਕਿਸਾਨਾਂ ਦੇ ਸਬਸਿਡੀ ਦੇ ਫਾਰਮ ਭਰਨ ਦੀ ਮਿਤੀ 17 ਅਗਸਤ ਰੱਖੀ ਹੈ, ਜੇਕਰ ਕਿਸਾਨ ਗਰੁੱਪਾਂ ਵਿੱਚ ਇਕੱਠੇ ਖੇਤੀ ਮਸ਼ੀਨਰੀ ਲੈਣਗੇ ਤਾਂ 50 ਫ਼ੀਸਦੀ ਸਬਸਿਡੀ ਮਿਲੇਗੀ। ਇਨ੍ਹਾਂ ਗਰੁੱਪਾਂ ਵਾਲੇ ਕਿਸਾਨ ਇਸ ਸਕੀਮ ਅਧੀਨ 5 ਤੋਂ 15 ਲੱਖ ਤੱਕ ਦੀ ਮਸ਼ੀਨਰੀ ਖ਼ਰੀਦ ਸਕਦੇ ਹਨ।

ਵਿਭਾਗ ਦੇ ਅਧਿਕਾਰੀਆਂ ਅਨੁਸਾਰ ਇਹ ਸਬਸਿਡੀ ਉਨ੍ਹਾਂ ਕਿਸਾਨਾਂ ਨੂੰ ਮਿਲੇ ਸਕੇਗੀ, ਜਿਨ੍ਹਾਂ ਦੇ ਨਾਂਅ ਜ਼ਮੀਨ ਦੀ ਫ਼ਰਦ ਵਿੱਚ ਦਰਜ ਹਨ। ਬਹੁਤ ਸਾਰੇ ਕਿਸਾਨ ਉਹ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਮਾਂ-ਪਿਓ ਨੇ ਹਿੱਸੇ ਦੀ ਖੇਤੀ ਯੋਗ ਜ਼ਮੀਨ ਦੇ ਕੇ ਪਰਵਾਰ ਤੋਂ ਵੱਖ ਕਰ ਦਿੱਤਾ, ਪ੍ਰੰਤੂ ਉਨ੍ਹਾਂ ਦੇ ਨਾਂਅ ਜ਼ਮੀਨ ਨਹੀਂ ਕਰਾਈ। ਇਨ੍ਹਾਂ ਕਿਸਾਨਾਂ ਨੂੰ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਇਹ ਖੇਤੀ ਵਿਭਾਗ ਦੇ ਸਬਸਿਡੀ ਫਾਰਮ ਨਹੀਂ ਭਰ ਸਕਣਗੇ। ਖੇਤੀ ਅਧਿਕਾਰੀਆਂ ਦਾ ਕਹਿਣਾ ਸੀ ਕਿ ਇਸ ਯੋਜਨਾ ਦਾ ਹਿੱਸਾ ਉਹ ਕਿਸਾਨ ਹੀ ਬਣ ਸਕਦਾ ਹੈ, ਜਿਸ ਦਾ ਨਾਂਅ ਜ਼ਮੀਨ ਦੀ ਫ਼ਰਦ ਵਿੱਚ ਦਰਜ ਹੋਵੇ, ਬਸ਼ਰਤੇ ਜ਼ਮੀਨ ਘੱਟ ਜਾਂ ਵੱਧ ਦੀ ਕੋਈ ਸ਼ਰਤ ਨਹੀਂ ਹੈ।

## ਉਗਰਾਹੀ ਕਰਨ ਆਏ ਦੋ ਦਲਿਤ ਸੇਵਾਦਾਰ ਕੁੱਟੇ ਅਤੇ ਦਸਤਾਰਾਂ ਲਾਹੀਆਂ

ਪਾਇਲ, 6 ਅਗਸਤ (ਪੋਸਟ ਬਿਊਰੋ)- ਗੁਰਦੁ-ਆਰਾ ਸ਼ਹੀਦ ਬਾਬਾ ਸੰਗਤ ਸਿੰਘ ਚਮਕੌਰ ਸਾਹਿਬ ਦੀ ਕਾਰ ਸੇਵਾ ਲਈ ਮਾਇਆ ਇਕੱਠੀ ਕਰਨ ਵਾਲੇ ਦੋ ਦਲਿਤ ਵਰਗ ਦੇ ਸੇਵਾਦਾਰਾਂ ਨੂੰ ਦੋਰਾਹਾ ਵਿਖੇ ਜੁੱਤੀਆਂ ਨਾਲ ਕੁੱਟ ਕੇ ਜ਼ਖ਼ਮੀ ਕਰਨ ਦਾ ਸਮਾਚਾਰ ਹੈ, ਜਿਸ ਬਾਰੇ ਪੁਲਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ।



ਸਿਵਲ ਹਸਪਤਾਲ ਪਾਇਲ ਵਿਖੇ ਦਾਖਲ ਬਾਬਾ ਕਿਰਪਾਲ ਸਿੰਘ ਸੇਵਾਦਾਰ ਗੁਰਦੁਆਰਾ ਸ਼੍ਰੋਮਣੀ ਬਾਬਾ ਸੰਗਤ ਸਿੰਘ ਚਮਕੌਰ ਸਾਹਿਬ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਦੋਰਾਹਾ ਵਿਖੇ ਆਪਣੇ ਇੱਕ ਸਾਥੀ ਨਾਲ ਗੁਰਦੁਆਰਾ ਸਾਹਿਬ ਦੀ ਇਮ-ਾਰਤ ਲਈ ਉਗਰਾਹੀ ਕਰ ਰਹੇ ਸਨ। ਜਦੋਂ ਉਹ ਇੱਕ ਪ੍ਰਾਪਰਟੀ ਡੀਲਰ ਦੇ ਦਫ਼ਤਰ ਵਿੱਚ ਗਏ ਤਾਂ ਡੀਲਰ ਤੇ ਇੱਕ ਹੋਰ ਵਿਅਕਤੀ ਨੇ ਕਿਹਾ ਕਿ ਤੁਹਾਡੀ ਜਾਤ ਕਿਹੜੀ ਹੈ। ਅਸੀਂ ਦੱਸਿਆ ਕਿ ਸਾਡੇ ਵਿੱਚ ਦੋ ਜਣੇ ਦਲਿਤ ਜਾਤ ਨਾਲ ਸਬੰਧ ਰੱਖਦੇ ਹਨ ਅਤੇ ਇੱਕ ਵਿਅਕਤੀ ਜਨਰਲ ਕੈਟਾਗਰੀ ਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਜਨਰਲ ਕੈਟਾਗਰੀ ਵਾਲੇ ਸੇਵਾਦਾਰ ਨੂੰ ਕਿਹਾ ਕਿ ਉਹ ਅੱਗੇ ਕੁਰਸੀ 'ਤੇ ਬੈਠ ਜਾਵੇ। ਇਸੇ ਦੌਰਾਨ ਉਨ੍ਹਾਂ ਸਾਨੂੰ ਜਾਤ ਨਾਂ ਲੈ ਕੇ ਜੁੱਤੀਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਸਾਡੀਆਂ ਦਸਤਾਰਾਂ ਲਾਹ ਦਿੱਤੀਆਂ। ਉਹ ਸਾਨੂੰ ਕਾਫ਼ੀ ਦੇਰ ਕੁੱਟਦੇ ਰਹੇ ਤੇ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਕੁੱਟਣ ਤੋਂ ਬਾਅਦ ਸਾਡੇ ਤੋਂ ਇਹ ਲਿਖਵਾ ਲਿਆ ਕਿ ਕੱਲ੍ਹ ਤੋਂ ਬਾਅਦ ਦੋਰਾਹਾ ਵਿਖੇ ਉਗਰਾਹੀ ਲਈ ਨਹੀਂ ਆਵਾਂਗੇ, ਜਦ ਕਿ ਜਰਨਲ ਕੈਟਾਗਿਰੀ ਵਾਲੇ ਸੇਵਾਦਾਰ ਨੂੰ ਕੁਝ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ ਸਬੰਧੀਆਂ ਨੂੰ ਚਮਕੌਰ ਸਾਹਿਬ ਵਿਖੇ ਇਸ ਘਟਨਾ ਬਾਰੇ ਦੱਸਿਆ ਅਤੇ ਉਨ੍ਹਾਂ ਨੇ ਸਾਨੂੰ ਸਿਵਲ ਹਸਪਤਾਲ ਪਾਇਲ ਵਿਖੇ ਭਰਤੀ ਕਰਵਾ ਦਿੱਤਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਕੇਸ ਦਰਜ ਹੋਵੇ। ਬਹੁਜਨ ਸਮਾਜ ਪਾਰਟੀ ਦੇ ਸੂਬਾ ਸਕੱਤਰ ਤੇ ਹਲਕਾ ਪਾਇਲ ਦੇ ਇੰਚਰਾਜ ਡਾ. ਜਸਪ੍ਰੀਤ ਸਿੰਘ ਜੱਸੀ ਨੇ ਦਲਿਤ ਸੇਵਾਦਾਰਾਂ ਨੂੰ ਜੁੱਤੀਆਂ ਨਾਲ ਕੁੱਟਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇ ਪੁਲਸ ਨੇ ਦੋਸ਼ੀਆਂ ਵਿਰੁੱਧ ਕੇਸ ਦਰਜ ਨਾ ਕੀਤਾ ਤਾਂ ਪਾਰਟੀ ਦੋਰਾਹਾ ਥਾਣੇ ਦਾ ਘਿਰਾਓ ਕਰੇਗੀ। ਥਾਣੇਦਾਰ ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਜ਼ਖ਼ਮੀ ਸੇਵਾਦਾਰਾਂ ਦੇ ਬਿਆਨ ਲਿਖ ਲਏ ਹਨ ਅਤੇ ਜਾਂਚ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਸਾਬਕਾ ਫ਼ੌਜੀ ਨੇ ਮੈਡੀਕਲ ਸਟੋਰ ਦੇ ਮਾਲਕ ਨੂੰ ਗੋਲੀਆਂ ਮਾਰ ਕੇ ਮਾਰ ਸੁੱਟਿਆ



ਤਰਨ ਤਾਰਨ, 6 ਅਗਸਤ (ਪੋਸਟ ਬਿਊਰੋ)- ਸੋਸ਼ਲ ਮੀਡੀਆ 'ਤੇ ਕਮੈਂਟ ਕਰਨ ਦੇ ਝਗੜੇ ਪਿੱਛੋਂ ਇੱਕ ਸਾਬਕਾ ਫ਼ੌਜੀ ਨੇ ਮੈਡੀਕਲ ਸਟੋਰ ਦੇ ਮਾਲਿਕ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

ਮਿਲੀ ਜਾਣਕਾਰੀ ਅਨੁਸਾਰ ਸੁਖਚੈਨ ਸਿੰਘ (25) ਪੁੱਤਰ ਪਰਮਜੀਤ ਸਿੰਘ ਨਿਵਾਸੀ ਕਿਲ੍ਹਾ ਕਵੀ ਸੰਤੋਖ ਸਿੰਘ (ਨੂਰਦੀ) ਆਪਣੇ ਘਰ ਦੇ ਨੇੜੇ ਹੀ ਮੈਡੀਕਲ ਸਟੋਰ ਚਲਾਉਂਦਾ ਸੀ ਅਤੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਕੱਲ੍ਹ ਰਾਤ ਪਿੰਡ ਦੇ ਇੱਕ ਸਾਬਕਾ ਫ਼ੌਜੀ ਜਸਬੀਰ ਸਿੰਘ ਪੁੱਤਰ ਸੁਖਤਿਆਰ ਸਿੰਘ ਨੇ ਸੁਖਚੈਨ ਸਿੰਘ ਦੇ ਖ਼ਿਲਾਫ਼ ਕੋਈ ਗਲਤ ਕਮੈਂਟ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਤਾਂ ਇਸ ਤੋਂ ਹੋਏ ਤਕਰਾਰ ਦੌਰਾਨ ਸਾਬਕਾ ਫ਼ੌਜੀ ਨੇ ਆਪਣੀ ਲਾਈਸੈਂਸੀ ਦੋਨਾਲੀ ਗੰਨ ਨਾਲ ਸੁਖਚੈਨ ਸਿੰਘ 'ਤੇ ਗੋਲੀ ਦਾਗ ਦਿੱਤੀ, ਜੋ ਉਸ ਦੀ ਬਾਂਹ 'ਤੇ ਲੱਗੀ। ਫਿਰ ਫ਼ੌਜੀ ਨੇ ਇੱਕ ਹੋਰ ਗੋਲੀ ਉਸਦੀ ਛਾਤੀ 'ਤੇ ਮਾਰ ਦਿੱਤੀ। ਸੁਖਚੈਨ ਸਿੰਘ ਨੂੰ ਸਰਕਾਰੀ ਹਸਪਤਾਲ ਤਰਨ ਤਾਰਨ ਲੈ ਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਥਾਣਾ ਸਿਟੀ ਦੇ ਸਬ-ਇੰਸਪੈਕਟਰ ਮਨਮੋਹਨ ਸਿੰਘ ਨੇ ਦੱਸਿਆ ਕਿ ਪਰਵਾਰਕ ਮੈਂਬਰਾਂ ਦੇ ਬਿਆਨ ਦਰਜ ਕਰ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਕਿਸਾਨ ਪੰਜ ਲੱਖ ਤੱਕ ਹਸਪਤਾਲਾਂ ਵਿੱਚੋਂ ਮੁਫਤ ਇਲਾਜ ਕਰਵਾ ਸਕਣਗੇ

ਚੰਡੀਗੜ੍ਹ, 6 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2020-21 ਵਿੱਚ ਆਯੁਸ਼ਮਾਨ ਭਾਰਤ ਸਰਬਤ ਸਿਹਤ ਬੀਮਾ ਯੋਜਨਾ ਹੇਠ ਸੂਬੇ ਦੇ 9.5 ਲੱਖ ਕਿਸਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਸਿਹਤ ਬੀਮਾ ਦੇ ਘੇਰੇ ਵਿੱਚ ਲਿਆਉਣ ਦੀ ਹਰੀ ਝੰਡੀ ਦੇ ਦਿੱਤੀ ਹੈ, ਜਦ ਕਿ ਪਿਛਲੇ ਸਾਲ ਪੰਜ ਲੱਖ ਕਿਸਾਨਾਂ ਨੂੰ ਇਸ ਯੋਜਨਾ ਦੇ ਦਾਇਰੇ ਵਿੱਚ ਲਿਆਂਦਾ ਗਿਆ ਸੀ। ਰਾਜ ਸਰਕਾਰ ਨੇ 20 ਅਗਸਤ 2019 ਨੰ ਰਾਜੀਵ ਗਾਂਧੀ ਦੇ ਨਜਮ ਦਿਨ ਮੌਕੇ ਇਹ ਸਕੀਮ ਲਾਂਚ ਕੀਤੀ ਸੀ ਤੇ 2019-20 ਵਿੱਚ 45 ਲੱਖ ਪਰਵਾਰਾਂ ਨੂੰ ਇਸ ਯੋਜਨਾ ਦੇ ਘੇਰੇ ਵਿੱਚ ਲਿਆਂਦਾ ਗਿਆ ਸੀ, ਜੋ ਕੋਵਿਡ ਸੰਕਟ ਦੇ ਦੌਰਾਨ ਪੰਜਾਬ ਵਿੱਚ ਕਾਫੀ ਲਾਭਦਾਇਕ ਸਿੱਧ ਹੋ ਰਹੀ ਹੈ। ਸਰਕਾਰ ਨੇ ਆਯੁਸ਼ਮਾਨ ਭਾਰਤ ਸਰਬਤ ਸਿਹਤ ਬੀਮਾ ਯੋਜਨਾ ਹੇਠ ਕੋਵਿਡ 19 ਦਾ ਇਲਾਜ ਕਰਨ ਵਾਲੇ ਹਸਪਤਾਲਾਂ ਲਈ ਚਾਰਜਿਜ਼ ਵੀ ਤੈਅ ਕੀਤੇ ਹਨ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਲਾਭਪਾਤਰੀ 396 ਰੋਗਾਂ ਦਾ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਵਾਉਣ ਲਈ 546 ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਤੇ 208 ਸਰਕਾਰੀ ਹਸਪਤਾਲਾਂ ਵਿੱਚ ਜਾ ਸਕਦੇ ਹਨ, ਜਿਸ ਵਿੱਚ ਉਹ ਹਾਰਟ ਸਰਜਰੀ, ਕੈਂਸਰ ਟ੍ਰੀਟਮੈਂਟ, ਜੁਆਇੰਟ ਰਿਪਲੇਸਮੈਂਟ ਆਦਿ ਕਰਵਾ ਸਕਦੇ ਹਨ ਤੇ ਦੁਰਘਟਨਾ ਹੋਣ 'ਤੇ ਬਾਕੀ ਇਲਾਜ ਵੀ ਕਰਵਾ ਸਕਦੇ ਹਨ।

## ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਕਤਲ ਦੇ ਬਰਾਬਰ ਹਨ, ਦੋਸ਼ੀ ਬਖ਼ਸ਼ੇ ਨਹੀਂ ਜਾਣਗੇ: ਕੈ. ਅਮਰਿੰਦਰ

ਚੰਡੀਗੜ੍ਹ, 6 ਅਗਸਤ (ਪੋਸਟ ਬਿਊਰੋ)- ਮਾਝੇ ਦੇ ਤਿੰਨ ਜ਼ਿਲਿਆਂ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਕੇਸ ਵਿੱਚ ਚੌਤਰਫਾ ਹਮਲੇ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਦੋਸ਼ੀ ਬਖਸ਼ੇ ਨਹੀਂ ਜਾਣਗੇ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੱਤ ਮੰਤਰੀਆਂ ਨੇ ਸਰਕਾਰ ਦਾ ਬਚਾਅ ਕੀਤਾ ਸੀ, ਪਰ ਫਰਕ ਨਹੀਂ ਸੀ ਪਿਆ।

ਇਸ ਦੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਮੋਰਚਾ ਸੰਭਾਲਿਆ ਅਤੇ ਇੱਕ ਵੀਡੀਓ ਮੈਸੇਜ ਦੇ ਰਾਹੀਂ ਸ਼ਰਾਬ ਮਾਫੀਆ ਦੇ ਸਫਾਏ ਦਾ ਵਾਅਦਾ ਕਰਦੇ ਹੋਏ ਕਿਹਾ ਕਿ ਜ਼ਹਿਰੀਲੀ ਸ਼ਰਾਬ ਪੀਣ ਨਾਲ ਜੋ ਮੌਤਾਂ ਹੋਈਆ ਹਨ, ਉਹ ਅਸਲ ਵਿੱਚ ਲੋਕਾਂ ਦਾ ਕਤਲ ਕੀਤਾ ਗਿਆ ਹੈ। ਦੋਸ਼ੀਆਂ ਨੇ



ਮਾਸੂਮ ਲੋਕਾਂ ਨੂੰ ਜ਼ਹਿਰ ਵੇਚਿਆ, ਇਸ ਲਈ ਉਹ ਰਹਿਮ ਦੇ ਹੱਕਦਾਰ ਨਹੀਂ ਹੋ ਸਕਦੇ। ਇਨ੍ਹਾਂ ਕਾਤਲਾਂ ਨੂੰ ਕਿਸੇ ਸੂਰਤ ਬਖ਼ਸ਼ਿਆਂ ਨਹੀਂ ਜਾਵੇਗਾ। ਜ਼ਹਿਰੀਲੀ ਸ਼ਰਾਬ ਕੇਸ ਵਿੱਚ ਕਿਸੇ ਵੀ ਰਾਜਨੀਤਕ ਜਾਂ ਅਧਿਕਾਰੀ ਦੀ ਭੂਮਿਕਾ ਲੱਭੀ ਤਾਂ ਉਸ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਪੰਜਾਬ ਪੁਲਸ ਦੀ ਪੂਰੀ ਫੋਰਸ ਨੂੰ ਮਾਫੀਆ 'ਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਜ਼ਹਿਰੀਲੀ ਸ਼ਰਾਬ ਨਾਲ ਹੋਈਆਂ 111 ਮੌਤਾਂ (ਤਰਨ ਤਾਰਨ ਵਿੱਚ 83, ਅੰਮ੍ਰਿਤਸਰ ਵਿੱਚ 15 ਅਤੇ ਬਟਾਲਾ 'ਚ 13) ਦਾ ਹਵਾਲਾ ਦੇ ਕੇ ਮੁੱਖ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਇਸ ਦੁੱਖ ਦੀ ਘੜੀ ਪੀੜਤ ਪਰਵਾਰਾਂ ਦੇ ਨਾਲ ਹੈ ਅਤੇ ਉਨਾਂ ਨੂੰ ਇਨਸਾਫ ਦਿਵਾਉਣ 'ਚ ਕੋਈ ਕਸਰ ਨਹੀਂ ਛੱਡੇਗੀ ਅਤੇ ਹਰ ਤਰ੍ਹਾਂ ਦੀ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ।

ਸ਼ਰਾਬ ਕਾਂਡ ਦੇ ਦੌਰਾਨ ਭੜਕੇ ਹੋਏ ਵਿਰੋਧੀਆਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਮੁੱਖ ਮੰਤਰੀ ਨੇ ਆਮ ਆਦਮੀ ਪਾਰਟੀ ਤੋਂ ਪੁੱਛਿਆ ਕਿ ਨਕਲੀ ਸ਼ਰਾਬ ਦੇ ਖ਼ਿਲਾਫ਼ ਧਰਨੇ ਦੇਣ ਨਾਲ ਕੀ ਮਾਫੀਆ ਦੇ ਖ਼ਿਲਾਫ਼ ਲੜਾਈ ਅਤੇ ਪੀੜਤ ਪਰਵਾਰਾਂ ਦੀ ਮਦਦ ਹੋ ਸਕੇਗੀ। ਮੁੱਖ ਮੰਤਰੀ ਨੇ ਕਿਹਾ ਕਿ ਮਾਫੀਆ ਅਤੇ ਦੋਸ਼ੀਆਂ ਦਾ ਕੋਈ ਰਾਜਨੀਤਕ ਨਾਤਾ ਨਹੀਂ ਹੁੰਦਾ, ਬਲਕਿ ਉਨ੍ਹਾਂ ਦੀ ਲਾਲਸਾ ਹਰ ਹਾਲ 'ਚ ਪੈਸਾ ਕਮਾਉਣ ਦੀ ਹੁੰਦੀ ਹੈ।

## ਰੰਜਿਸ਼ ਕਾਰਨ ਚੱਲੀਆਂ ਗੋਲੀਆਂ ਵਿੱਚ ਔਰਤ ਸਣੇ ਪੰਜ ਜ਼ਖਮੀ

ਧੂਰੀ, 6 ਅਗਸਤ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਪਿੰਡ ਬੁਗਰਾ ਵਿੱਚ ਆਪਸੀ ਰੰਜਿਸ਼ ਕਾਰਨ ਚੱਲੀਆਂ ਗੋਲੀਆਂ ਦੇ ਕਾਰਨ ਇੱਕ ਔਰਤ ਸਣੇ ਪੰਜ ਜਣੇ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਗੋਲੀ ਲੱਗਣ ਕਾਰਨ ਫੱਟੜ ਹੋਏ ਦਲਵਿੰਦਰ ਸਿੰਘ ਸੋਨੀ ਦੇ ਪਿਤਾ ਸ਼ਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਨੇ ਦੱਸਿਆ ਕਿ ਗੋਲੀ ਚਲਾਉਣ ਵਾਲੇ ਵਿਅਕਤੀ ਨਾਲ ਉਨ੍ਹਾਂ ਦੀ ਪਿਛਲੇ ਸਮੇਂ ਤੋਂ ਰੰਜਿਸ਼ ਚੱਲ ਰਹੀ ਹੈ, ਜਿਸ ਬਾਰੇ ਉਨ੍ਹਾਂ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਤੇ ਆਪਣੇ ਵਿਰੋਧੀਆਂ ਤੋਂ ਜਾਨ ਨੂੰ ਖਤਰਾ ਦੱਸ ਕੇ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੁਲਸ ਦੇ ਸਮੇਂ ਸਿਰ ਕਾਰਵਾਈ ਨਾ ਕਰਨ ਕਰਕ ਇਹ ਘਟਨਾ ਵਾਪਰੀ ਹੈ। ਕੱਲ੍ਹ 10-15 ਵਿਅਕਤੀ ਪਿੰਡ ਦੇ ਬਸ ਅੱਡੇ 'ਤੇ ਅਸਲਾ ਲਈ ਖੜ੍ਹੇ ਸਨ, ਜਿਨ੍ਹਾਂ 'ਚੋਂ ਇੱਕ ਨੇ ਬਾਰਾਂ ਬੋਰ ਦੀ ਦੁਨਾਲੀ ਨਾਲ ਗੋਲੀਆਂ ਚਲਾ ਦਿੱਤੀਆਂ ਤਾਂ ਸ਼ਰ੍ਹੇ ਲੱਗਣ ਨਾਲ ਦਲਵਿੰਦਰ ਸਿੰਘ ਸੋਨੀ, ਸੌਦਾਗਰ ਸਿੰਘ, ਅੰਮ੍ਰਿਤ ਕੌਰ, ਜਨਕ ਸਿੰਘ, ਹਰਦੀਪ ਸ਼ਰਮਾ ਉਰਫ ਮੱਖਣ ਵਾਸੀ ਪਿੰਡ ਬੁਗਰਾ ਫੱਟੜ ਹੋ ਗਏ, ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਖਮੀਆਂ ਵਿੱਚੋਂ ਦਲਵਿੰਦਰ ਸਿੰਘ ਸੋਨੀ, ਅੰਮ੍ਰਿਤ ਕੌਰ ਤੇ ਸੌਦਾਗਰ ਸਿੰਘ ਨੂੰ ਮੁੱਢਲੀ ਸਹਾਇਤਾ ਮਗਰੋਂ ਡਾਕਟਰਾਂ ਨੇ ਪਟਿਆਲਾ ਰੈਫਰ ਕਰ ਦਿੱਤਾ ਹੈ। ਥਾਣਾ ਸਦਰ ਧੂਰੀ ਦੇ ਐੱਸ ਐੱਚ ਓ ਮੇਜਰ ਸਿੰਘ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਗੋਲੀ ਚੱਲਣ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777

416.802.5866

31 Melanie Dr. Unit #4 Brampton, ON L6T 5H8



FOR SALE
$369,900
2645 KIPLING AVE

ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।



FOR SALE
$539,900
HWY 427/REXDALE

ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੇਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ ।



FOR SALE
$1,149,000
SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਮਸਜਿਦ ਉਸਾਰੀ ਦੇ ਕੰਮ ਲਈ ਮੈਨੂੰ ਕਿਸੇ ਨੇ ਸੱਦਣਾ ਨਹੀਂ ਤੇ ਮੈਂ ਜਾਣਾ ਵੀ ਨਹੀਂ: ਯੋਗੀ

ਅਯੋਧਿਆ, 6 ਅਗਸਤ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਨੇ ਬੜੇ ਸੁਭਾਵਕ ਹੀ ਆਪਣੇ 'ਮਨ ਕੀ ਬਾਤ' ਕਰਦੇ ਹੋਏ ਕਿਹਾ ਕਿ ਮਸਜਿਦ ਉਸਾਰੀ ਲਈ ਮੈਂਨੂੰ ਕਿਸੇ ਨੇ ਨਹੀਂ ਬੁਲਾਉਣਾ ਤੇ ਮੈਂ ਜਵਾਂਗਾ ਵੀ ਨਹੀਂ। ਯੋਗੀ ਨੇ ਇਕ ਪ੍ਰਾਈਵੇਟ ਚੈਨਲ ਉਪਰ ਬੋਲਦੇ ਹੋਏ ਰਾਮ ਮੰਦਰ ਦੇ ਬਹਾਨੇ ਕਾਂਗਰਸ ਉਪਰ ਤਿਖੇ ਹਮਲੇ ਕੀਤੇ ਅਤੇ ਕਿਹਾ ਕਿ ਜੋ ਲੋਕ ਅੱਜ ਰਾਮ ਭਗਤੀ ਦਿਖਾ ਰਹੇ ਹਨ, ਉਨ੍ਹਾ ਦੇ ਵਡੇਰਿਆਂ ਨੇ 1949 ਵਿਚ ਮੂਰਤੀਆਂ ਹਟਾਉਣ ਦੀ ਕੋਸ਼ਿਸ ਕੀਤੀ ਸੀ। ਉਨ੍ਹਾ ਨੇ ਕਿਹਾ ਕਿ ਆਜ਼ਾਦੀ ਦੇ 5 ਸਾਲਾਂ ਦੇ ਵਿਚ ਹੀ ਸੋਮਨਾਥ ਮੰਦਰ ਦੀ ਤਰਜ਼ 'ਤੇ ਰਾਮ ਮੰਦਰ ਦਾ ਵੀ ਹੱਲ ਹੋ ਜਾਣਾ ਚਾਹੀਦਾ ਸੀ।

ਵਰਨਣ ਯੋਗ ਹੈ ਕਿ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਕਿਹਾ ਸੀ ਕਿ 'ਰਾਮ ਸਭ ਦੇ ਹਨ'। ਇਸ ਦੇ ਸਬੰਧ ਵਿਚ ਯੋਗੀ ਆਦਿਤਿਆਨਾਥ ਨੇ ਕਿਹਾ ਕਿ 1989



ਵਿਚ ਮੰਦਰ ਤੋਂ 200 ਮੀਟਰ ਦੂਰ ਨੀਂਹ ਪੱਥਰ ਰਖਿਆ ਗਿਆ ਸੀ ਤੇ ਫਿਰ ਇਸ ਮਸਲੇ ਉਪਰ ਉਨ੍ਹਾਂ ਲੋਕਾਂ ਦਾ ਰੋਲ ਕੀ ਰਿਹਾ, ਇਹ ਕਿਸੇ ਤੋਂ ਲੁਕੀ ਹੋਈ ਗੱਲ ਨਹੀਂ ਹੈ। ਹੋਰਨਾ ਪਾਰਟੀਆਂ ਨੂੰ ਸੱਦਾ ਨਾ ਦੇਣ ਬਾਰੇ ਉਨ੍ਹਾ ਕਿਹਾ ਕਿ ਕਰੋਨਾ ਦੇ ਕਾਰਨ ਸੀਮਿਤ ਲੋਕਾਂ ਨੂੰ ਹੀ ਸੱਦਾ ਦਿਤਾ ਗਿਆ ਹੈ। ਯੋਗੀ ਨੇ ਦਸਿਆ ਕਿ ਕਾਂਗਰਸ, ਸਮਾਜਵਾਦੀ ਜਾਂ ਬਹੁਜਨ ਸਮਾਜ ਪਾਰਟੀ ਹੀ ਨਹੀਂ, ਭਾਜਪਾ ਆਗੂਆਂ ਨੂੰ ਵੀ ਨਹੀਂ ਸੱਦਿਆ।

ਇਸ ਤੋਂ ਪਹਿਲਾਂ ਭੂਮੀ ਪੂਜਣ ਲਈ ਇਥੇ ਪੁਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਹੋਰਨਾਂ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਨੇ ਸੱਤ ਪੁਰੀਆਂ ਵਿਚ ਸ਼ਾਮਲ ਅਵਧ ਪੁਰੀ ਨੂੰ ਖੁਸ਼ਿਹਾਲ ਤੇ ਮਾਣਮੱਤੀ ਨਗਰੀ ਬਣਾਉਣ ਲਈ ਵਚਨਬੱਧਤਾ ਪ੍ਰਗਟ ਕੀਤੀ। ਭੂਮੀ ਪੂਜਨ ਨੂੰ ਇਤਿਹਾਸਕ ਦਿਹਾੜਾ ਦਸਦੇ ਹੋਏ ਯੋਗੀ ਨੇ ਕਿਹਾ ਕਿ ਸਿਰਫ ਮੰਦਰ ਉਸਾਰੀ ਦਾ ਨਹੀਂ, ਭਾਰਤ ਨੂੰ ਦੁਨੀਆ ਸਾਹਮਣੇ ਪੇਸ਼ ਕਰਨ ਦਾ ਵੀ ਇਹ ਇਤਿਹਾਸਕ ਮੌਕਾ ਹੈ।

## ਸੁਸ਼ਾਂਤ ਕੇਸ ਦੀ ਜਾਂਚ ਸੀ ਬੀ ਆਈ ਕਰੇਗੀ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਬਿਹਾਰ ਸਰਕਾਰ ਦੀ ਸਿਫ਼ਾਰਸ਼ ਉਤੇ ਸੁਸ਼ਾਂਤ ਸਿੰਘ ਰਾਜਪੂਤ ਦੀ ਆਤਮ ਹੱਤਿਆ ਦੀ ਜਾਂਚ ਸੀ ਬੀ ਆਈ ਵੱਲੋਂ ਕੀਤੀ ਜਾਵੇਗੀ। ਬਿਹਾਰ ਪੁਲਸ ਨੇ ਸੁਸ਼ਾਂਤ ਦੇ ਪਰਵਾਰ ਦੀ ਸ਼ਿਕਾਇਤ ਉਤੇ ਹੋਰ ਦੋਸ਼ਾਂ ਦੇ ਨਾਲ ਖੁਦਕੁਸ਼ੀ ਲਈ ਉਕਸਾਉਣ ਅਤੇ ਅਪਰਾਧਿਕ ਸਾਜਿਸ਼ ਰਚਣ ਦਾ ਕੇਸ ਦਰਜ ਕੀਤਾ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਸ ਮਾਮਲੇ ਵਿੱਚ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਸੀ ਅਤੇ ਕੇਂਦਰ ਨੇ ਸੀ ਬੀ ਆਈ ਨੂੰ ਇਸ ਦਾ ਕੇਸ ਭੇਜ ਦਿੱਤਾ ਹੈ, ਜਿਸ ਦੇ ਆਧਾਰ 'ਤੇ ਜਾਂਚ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਸੀ ਕਿ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੀ ਸਚਾਈ ਸਾਹਮਣੇ ਆਉਣੀ ਚਾਹੀਦੀ ਹੈ। ਇਸੇ ਮੌਕੇ ਕੇਂਦਰ ਨੇ ਅਦਾਲਤ ਨੂੰ ਦੱਸਿਆ ਕਿ ਇਹ ਕੇਸ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਸੌਂਪਣ ਦੀ ਬਿਹਾਰ ਸਰਕਾਰ ਦੀ ਸਿਫਾਰਸ਼ ਮੰਨ ਲਈ ਗਈ ਹੈ। ਜਸਟਿਸ ਰਿਸ਼ੀਕੇਸ਼ ਰਾਏ ਦੇ ਸਿੰਗਲ ਬੈਂਚ ਨੇ ਮਹਾਂਰਾਸ਼ਟਰ ਅਤੇ ਬਿਹਾਰ ਸਰਕਾਰ ਦੇ ਨਾਲ ਸੁਸ਼ਾਂਤ ਸਿੰਘ ਰਾਜਪੂਤ ਦੇ ਪਿਤਾ ਕ੍ਰਿਸ਼ਨ ਕਿਸ਼ੋਰ ਸਿੰਘ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਐਕਟਰੈੱਸ ਰਿਆ ਚੱਕਰਵਰਤੀ ਦੀ ਪਟੀਸ਼ਨ ਉੱਤੇ ਤਿੰਨ ਦਿਨਾਂ ਵਿੱਚ ਜਵਾਬ ਦੇਣ। ਰਿਆ ਚੱਕਰਵਰਤੀ ਨੇ ਸੁਸ਼ਾਂਤ ਦੇ ਪਿਤਾ ਵੱਲੋਂ ਪਟਨਾ ਦੇ ਰਾਜੀਵ ਨਗਰ ਥਾਣੇ ਵਿੱਚ 24 ਜੁਲਾਈ ਨੂੰ ਦਰਜ ਕਰਵ-ਾਇਆ ਕੇਸ ਮੁੰਬਈ ਪੁਲਸ ਦੇ ਕੋਲ ਭੇਜਣ ਦੀ ਬੇਨਤੀ ਕਰਦੇ ਹੋਏ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਹੈ। ਇਸ ਕੇਸ ਵਿੱਚ ਰਿਆ ਉੱਤੇ ਸੁਸ਼ਾਂਤ ਨੂੰ ਆਤਮ ਹੱਤਿਆ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਹੈ। ਸੁਪਰੀਮ ਕੋਰਟ ਨੇ ਰਿਆ ਦੀ ਪਟੀਸ਼ਨ ਅਗਲੇ ਹਫਤੇ ਦੇ ਲਈ ਸੂਚੀਬੱਧ ਕਰਦੇ ਹੋਏ ਮੁੰਬਈ ਪੁਲਸ ਨੂੰ ਸੁਸ਼ਾਂਤ ਰਾਜਪੂਤ ਦੀ ਮੌਤ ਦੇ ਮਾਮਲੇ 'ਚ ਅੱਜ ਤੱਕ ਕੀਤੀ ਜਾਂਚ ਦੀ ਪ੍ਰਗਤੀ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ।

## ਕੱਪੜੇ ਨਾ ਠੀਕ ਹੋਣ ਉੱਤੇ ਕੋਰਟ ਨੇ ਕੈਮਰਾ ਬੰਦ ਕਰਵਾਇਆ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਓਪਨ ਬੁੱਕ ਇਮਤਿਹਾਨ ਦੇ ਦਿੱਲੀ ਯੂਨੀਵਰਸਿਟੀ (ਡੀ ਯੂ) ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉਤੇ ਵੀਡੀਓ ਕਾਨਫਰੰਸਿੰਗ ਸੁਣਵਾਈ ਵੇਲੇ ਅਜੀਬ ਸਥਿਤੀ ਬਣ ਗਈ। ਵਿਦਿਆਰਥੀਆਂ ਦੇ ਠੀਕ ਨਾਲ ਕੱਪੜੇ ਨਾ ਪਾਉਣ ਅਤੇ ਸਕਰੀਨ 'ਤੇ ਆ ਰਹੇ ਮੈਸੇਜ ਤੋਂ ਨਾਰਾਜ਼ ਹਾਈ ਕੋਰਟ ਨੇ ਉਨ੍ਹਾਂ ਨੂੰ ਝਾੜ ਲਗਾਉਂਦੇ ਹੋਏ ਕੈਮਰਾ ਤੇ ਮਾਈਕ ਬੰਦ ਕਰਨ ਦਾ ਨਿਰਦੇਸ਼ ਦੇ ਦਿੱਤਾ।



ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਦੌਰਾਨ ਜਸਟਿਸ ਤੇ ਵਕੀਲ ਦੇ ਇਲਾਵਾ ਸਾਰਿਆਂ ਨੇ ਮਾਈਕ ਤੇ ਕੈਮਰਾ ਬੰਦ ਰੱਖਣਾ ਹੁੰਦਾ ਹੈ। ਸਕਰੀਨ 'ਤੇ ਆਏ ਕੁਝ ਸੰਦੇਸ਼ਾਂ ਵਿੱਚ ਇੱਕ ਸੀ ਕਿ ਮੈਨੂੰ ਦਿੱਲੀ ਯੂਨੀਵਰਸਿਟੀ ਤੋਂ ਨਫਰਤ ਹੈ। ਬੈਂਚ ਨੇ ਪੁੱਛਿਆ ਕਿ ਇਹ ਮੈਸੇਜ ਕੌਣ ਭੇਜ ਰਿਹਾ ਹੈ ਤਾਂ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਇਹ ਵਿਦਿਆਰਥੀ ਹੋਣਗੇ ਅਤੇ ਕੋਰਟ ਮਾਸਟਰ ਨੇ ਉਨ੍ਹਾਂ ਨੂੰ ਵੈੱਬ-ਲਿੰਕ ਦਿੱਤਾ ਹੋਵੇਗਾ। ਕੋਰਟ ਦੀ ਨਾਰਾਜ਼ਗੀ ਤੋਂ ਬਾਅਦ ਵਕੀਲ ਨੇ ਚੈਟ ਬਾਕਸ 'ਚ ਇੱਕ ਮੈਸੇਜ ਪਾ ਕੇ ਵਿਦਿਆਰਥੀਆਂ ਨੂੰ ਮਾਈਕ ਅਤੇ ਕੈਮਰਾ ਬੰਦ ਕਰਨ ਲਈ ਕਿਹਾ।

ਸੁਣਵਾਈ ਦੌਰਾਨ ਯੂ ਜੀ ਸੀ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇੰਟਰਨਲ ਅਸੈਸਮੈਂਟ ਦੇ ਆਧਾਰ ਉੱਤੇ ਆਖਰੀ ਸਾਲ ਦੀ ਪ੍ਰੀਖਿਆ ਦੀ ਸਮੀਖਿਆ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਆਖਰੀ ਸਾਲ ਦੀ ਪ੍ਰੀਖਿਆ ਦੀ ਗੱਲ ਹੈ, ਇਹ ਆਨਲਾਈਨ-ਆਫਲਾਈਨ ਜਾਂ ਹੋਰ ਜ਼ਰੀਏ ਹੋ ਸਕਦੀ ਹੈ, ਪਰ ਇਸ ਨੂੰ ਨੁਮਾਇੰਦਗੀ ਨਾਲ ਹੀ ਕੀਤਾ ਜਾ ਸਕਦਾ ਹੈ। ਪਟੀਸ਼ਨਰ ਅਨੁਪਮ ਤੇ ਹੋਰਨਾਂ ਵੱਲੋਂ ਪੇਸ਼ ਹੋਏ ਵਕੀਲ ਆਕਾਸ਼ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਕੋਲ ਇੰਟਰਨੈੱਟ ਦੀ ਸਹੂਲਤ ਨਹੀਂ ਤੇ ਉਹ ਮੌਕ-ਟੈਸਟ 'ਚ ਬੈਠਣ 'ਚ ਸਮਰੱਥ ਨਹੀਂ ਹੈ, ਪਰ ਉਨ੍ਹਾਂ ਨੂੰ ਸਿੱਧੇ 10 ਅਗਸਤ ਤੋਂ ਸ਼ੁਰੂ ਹੋਣ ਵਾਲੀ ਓਪਨ ਬੁੱਕ ਪ੍ਰੀਖਿਆ ਵਿੱਚ ਸਿੱਧੇ ਬੈਠਣਾ ਪਵੇਗਾ। ਕੁਝ ਵਿਦਿਆਰਥੀ ਕੰਟੇਨਮੈਂਟ (ਸੀਲ) ਜ਼ੋਨ 'ਤੇ ਹੜ੍ਹ ਵਾਲੇ ਇਲਾਕੇ ਵਿੱਚ ਫਸੇ ਹਨ। ਕੋਰੋਨਾ ਕਾਲ ਵਿੱਚ ਵੀਡੀਓ ਕਾਨਫਰੰਸਿੰਗ ਦਾ ਰੁਝਾਨ ਬੇਸ਼ੱਕ ਵਧਿਆ ਹੈ, ਪਰ ਇਸ ਵਿੱਚ ਕਈ ਤਰ੍ਹਾਂ ਦੀਆਂ ਕਮੀਆਂ ਪੇਸ਼ੀਆਂ ਵੀ ਆ ਰਹੀਆਂ ਹਨ।

## ਨੰਨ ਬਲਾਤਕਾਰ ਕੇਸ ਵਿਚ ਸੁਪਰੀਮ ਕੋਰਟ ਨੇ ਵੀ ਦੋਸ਼ੀ ਦੀ ਪਟੀਸ਼ਨ ਰੱਦ ਕੀਤੀ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਕੇਰਲ ਵਿਚ ਹੋਏ ਨੰਨ ਬਲਾਤਕਾਰ ਕੇਸ ਦੇ ਦੋਸ਼ੀ ਬਿਸ਼ਪ ਫ੍ਰੈਂਕੋ ਮੁਲੱਕਲ ਦੀ ਪਟੀਸ਼ਨ ਸੁਪਰੀਮ ਕੋਰਟ ਨੇ ਵੀ ਰੱਦ ਕਰ ਦਿਤੀ ਹੈ। ਅਦਾਲਤ ਨੇ ਹੁਕਮ ਦਿਤਾ ਹੈ ਕਿ ਉਸ ਨੂੰ ਮੁਕੱਦਮੇ ਦਾ ਸਾਹ-ਮਣਾ ਕਰਨਾ ਪਵੇਗਾ। ਬਿਸ਼ਪ ਨੇ ਆਪਣੀ ਪਟੀਸ਼ਨ ਵਿਚ ਆਪਣੇ ਨਿਰਦੋਸ਼ ਹੋਣ ਦਾ ਦਾਅਵਾ ਕਰਦੇ ਹੋਏ ਸੁਪਰੀਮ ਕੋਰਟ ਨੂੰ ਇਨ੍ਹਾ ਦੋਸ਼ਾਂ ਤੋਂ ਮੁਕਤ ਕਰਨ ਦੀ ਅਪੀਲ ਕੀਤੀ ਸੀ।

ਚੀਫ ਜਸਟਿਸ ਐਮ ਏ ਬੋਬਡੇ, ਜਸਟਿਸ ਏ ਐਸ ਬੋਪੰਨਾ ਅਤੇ ਜਸਟਿਸ ਵੀ ਰਾਮਾਸੁਬਰਾਮਨੀਅਮ ਨੇ ਬਿਸ਼ਪ ਦੇ ਵਕੀਲ ਨੂੰ ਕਿਹਾ ਕਿ ਅਸੀਂ ਯੋਗਤਾ ਦੇ ਆਧਾਰ 'ਤੇ ਕੁਝ



ਨਹੀਂ ਕਹਿ ਰਹੇ, ਪਰ ਅਸੀਂ ਦੋਸ਼ ਮੁਕਤੀ ਲਈ ਪਟੀਸ਼ਨ ਰੱਦ ਕਰ ਰਹੇ ਹਾਂ। ਚੀਫ ਜਸਟਿਸ ਨੇ ਕਿਹਾ ਕਿ ਇਹ ਮਾਮਲਾ ਦੋਸ਼ ਮੁਕਤ ਕਰਨ ਦਾ ਨਹੀਂ। ਮੁਲੱਕਲ ਨੇ ਆਪਣੀ ਪਟੀਸ਼ਨ ਵਿਚ ਕੇਰਲ ਹਾਈ ਕੋਰਟ ਦੇ 7 ਜੁਲਾਈ ਦੇ ਹੁਕਮ ਨੂੰ ਚੁਣੌਤੀ ਦਿਤੀ ਸੀ। ਹਾਈ ਕੋਰਟ ਨੇ ਦੋਸ਼ ਮੁਕਤ ਕਰਨ ਦੀ ਉਸ ਦੀ ਪਟੀਸ਼ਨ ਨੂੰ ਰੱਦ ਕਰ ਦਿਤਾ ਤੇ ਕੇਸ ਦਾ ਸਾਹਮਣਾ ਕਰਨ ਦਾ ਹੁਕਮ ਦਿਤਾ ਸੀ। ਇਸ ਤੋਂ ਇਲਾਵਾ ਟਰਾਇਲ ਕੋਰਟ ਵੀ ਉਸ ਦੀ ਪਟੀਸ਼ਨ ਰੱਦ ਕਰ ਚੁਕੀ ਹੈ।

ਵਰਨਣ ਯੋਗ ਹੈ ਕਿ 2018 ਵਿਚ ਇਕ ਨੰਨ ਨੇ ਕੋਟਾਯਮ ਵਿਚ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ ਜਲੰਧਰ ਦੇ ਬਿਸ਼ਪ ਨੇ 2014 ਵਿਚ ਅਤੇ 2016 ਵਿਚ ਉਸ ਦੇ ਨਾਲ ਕਈ ਵਾਰੀ ਬਲਾਤਕਾਰ ਕੀਤਾ ਸੀ। ਬਲਾਤਕਾਰ ਪੀੜਤ ਔਰਤ ਪੰਜਾਬ ਦੇ ਮਿਸ਼ਨਰੀ ਆਫ ਜੀਸਿਸ ਮੰਡਲੀ ਦੀ ਮੈਂਬਰ ਹੈ। ਕੇਰਲ ਪੁਲਸ ਦੀ ਵਿਸ਼ੇਸ ਜਾਂਚ ਟੀਮ (ਐਸ ਆਈ ਟੀ) ਨੇ ਕਈ ਦੌਰ ਦੀ ਪੁਛਗਿੱਛ ਪਿਛੋਂ ਸਤੰਬਰ 2018 ਵਿਚ ਮੁਲ-ੱਕਲ ਨੂੰ ਗ੍ਰਿਫਤਾਰ ਵੀ ਕੀਤਾ ਸੀ ਭਾਵੇਂ ਕਿ 40 ਦਿਨਾ ਪਿਛੋਂ ਉਸ ਨੂੰ ਜਮਾਨਤ ਵੀ ਮਿਲ ਗਈ ਸੀ।

## ਤਨਖਾਹ ਕਟੌਤੀ ਕੇਸ 'ਚ ਏਅਰ ਇੰਡੀਆ ਦੇ ਪਾਇਲਟਾਂ ਨੂੰ ਆਈ ਐਫ ਏ ਐਲ ਪੀ ਦਾ ਸਮਰਥਨ

ਮੁੰਬਈ, 6 ਅਗਸਤ (ਪੋਸਟ ਬਿਊਰੋ)- ਉਡਾਣ ਭੱਤੇ ਵਿੱਚ ਭਾਰੀ ਕਟੌਤੀ ਦਾ ਵਿਰੋਧ ਕਰ ਰਹੇ ਏਅਰ ਇੰਡੀਆ ਦੇ ਪਾਇਲਟਾਂ ਨੂੰ ਪਾਇਲਟਾਂ ਦੇ ਕੌਮਾਂਤਰੀ ਸੰਗਠਨ ਤੋਂ ਸਮਰਥਨ ਮਿਲਿਆ ਹੈ। ਇਸ ਸੰਗਠਨ ਨੇ ਭਾਰਤ ਸਰਕਾਰ ਨੂੰ ਚਿੱਠੀ ਲਿਖ ਕੇ ਇਸ ਕੇਸ 'ਚ ਦਖਲ ਕਰਨ ਲਈ ਕਿਹਾ ਹੈ। ਇੰਟਰਨੈਸ਼ਨਲ ਫੈਡਰੇਸ਼ਨ ਆਫ ਏਅਰਲਾਈਨਸ ਪਾਇਲਟਸ ਐਸੋਸੀਏਸ਼ਨ (ਆਈ ਐਫ ਏ ਐਲ ਪੀ ਏ) ਦੀ ਭਾਰਤੀ ਯੂਨਿਟ ਨੇ ਸ਼ਹਿਰੀ ਜਹਾਜ਼ਰਾਨੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਲਿਖੀ ਚਿੱਠੀ 'ਚ ਕਿਹਾ ਕਿ ਡਿਊਟੀ ਉਤੇ ਹੋਣ ਦੇ ਬਾਵਜੂਦ ਏਅਰ ਇੰਡੀਆ ਦੇ ਪਾਇਲਟਾਂ ਦੀ ਤਨਖ਼ਾਹ 'ਚ ਵੱਡੀ ਕਟੌਤੀ ਕੀਤੀ ਜਾਣਾ ਬਹੁਤ ਦੁਖਦਾਈ ਹੈ। ਸਰਕਾਰੀ ਏਅਰਾਲਈਨ ਏਅਰ ਇੰਡੀਆ ਕੋਵਿਡ-19 ਤੋਂ ਪੈਦਾ ਸਥਿਤੀ ਤੋਂ ਲੰਘਣ ਲਈ ਲਾਗਤ ਕਟੌਤੀ ਕਰ ਰਹੀ ਹੈ। ਕੋਵਿਡ-19 ਦਾ ਏਅਰਲਾਈਨ 'ਤੇ ਮਾੜਾ ਅਸਰ ਪਿਆ ਹੈ। ਏਅਰ ਇੰਡੀਆ ਨੇ ਐਲਾਨ ਕੀਤਾ ਹੈ ਕਿ ਚਾਲਕ ਦਲ ਦੇ ਮੈਂਬਰਾਂ ਨੂੰ ਅਸਲ ਉਡਾਨ ਘੰਟੇ ਦੇ ਆਧਾਰ 'ਤੇ ਭੁਗਤਾਨ ਕੀਤਾ ਜਾਵੇਗਾ ਜਦੋਂ ਕਿ ਪਹਿਲਾਂ 70 ਘੰਟੇ ਦਾ ਮਿੱਥਿਆ ਹੋਇਆ ਭੁਗਤਾਨ ਕੀਤਾ ਜਾਂਦਾ ਸੀ। ਇਸ ਕਦਮ ਨਾਲ ਪਾਇਲਟਾਂ ਦੀ ਮੰਥਲੀ ਤਨਖ਼ਾਹ 'ਚ ਲੱਗਭਗ 60 ਫੀਸਦੀ ਕਮੀ ਆਈ ਹੈ। ਘਾਟੇ 'ਚ ਚੱਲ ਰਹੀ ਏਅਰਲਾਈਨ ਨੇ 25000 ਤੋਂ ਵੱਧ ਕੁਲ ਤਨਖ਼ਾਹ ਲੈਣ ਵਾਲੇ ਕਰਮਚਾਰੀਆਂ ਦੇ ਮਹੀਨਾਵਾਰ ਭੱਤੇ 'ਚ ਵੀ 50 ਫੀਸਦੀ ਦੀ ਕਟੌਤੀ ਦਾ ਐਲਾਨ ਕੀਤਾ ਹੈ।

Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD



JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

1% Top Ranked In* Broker
Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗ (Listings) ਦੀ ਬਹੁਤ ਲੋੜ ਹੈ

BRAMPTON



Corner End Unit
1306 sqft
ਕਵੀਨ ਸਟ੍ਰੀਟ / ਸੈਂਟ੍ਰਲ ਪਾਕਵੈ

ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈੱਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੁਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜ਼ਟ; ਸੈਮਸੁੰਗ ਵਾੱਸ਼ਰ ਅਤੇ ਡ੍ਰਾਇਅਰ ਦੇ ਨਾਲ ਲਾਂਡਰੀ ਦਾ ਅਨੁਕੂਲਣ; ਬਹੁਤ ਸਾਰੀ ਸਟੋਰੇਜ ਹਨ।

BRAMPTON
Basement For Rent



ਮੇਅਫਿਲਡ / ਬਰੈਮਲੀਅ / ਕੰਟਰੀ ਸਾਈਡ

ਬਰੈਂਪਟਨ ਦੇ ਏਰੀਏ ਵਿੱਚ ਬਹੁਤ ਹੀ ਸੋਹਣੀ ਬਿਲਕੁਲ ਨਵੀਂ (ਬਰੈਂਡ ਨੀਊ) ਲੀਗਲ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਸੇਪਰੈਟ ਏਨਟਰੈਂਸ ਅਤੇ ਵਖਰੀ ਲਾਂਡਰੀ। ਵੱਡੀਆਂ ਵਿੰਡੋਜ਼ ਹਨ। ਕਿਰਾਇਆ $1650/ ਮਹੀਨਾ ਹੈ।

BRAMPTON
Basement For Rent



ਗੋਰ ਰੋਡ / ਕੈਸਲਮੋਰ/ ਗਾਰਡਨਬਰੂਕ

ਬਰੈਂਪਟਨ ਦੇ ਏਰੀਏ ਵਿੱਚ ਬਹੁਤ ਹੀ ਸੋਹਣੀ ਬਿਲਕੁਲ ਨਵੀਂ (ਬਰੈਂਡ ਨੀਊ) ਲੀਗਲ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈਂ। ਵਾਕ ਆਊਟ/ਸੇਪਰੈਟ ਏਨਟਰੈਂਸ ਅਤੇ ਵਖਰੀ ਲਾਂਡਰੀ। ਵੱਡੀਆਂ ਵਿੰਡੋਜ਼ ਹਨ। ਕਿਰਾਇਆ $1700/ ਮਹੀਨਾ ਹੈ।



SOLD
ਮੇਵਿਸ / ਸਟੀਲ



SOLD
ਸੈਂਡਲਵੁਡ/ਵੈਨਕ੍ਰਿਕ



SOLD
ਸੈਂਡਲਵੁਡ/ਕ੍ਰੇਡੀਟਵੀਊ



SOLD
ਸੈਂਡਲਵੁਡ/ਚਿੰਗੂਜੀ

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION



# ਵਿਸ਼ਵ ਸਿਹਤ ਸੰਗਠਨ ਦੀ ਚੇਤਾਵਨੀ; ਤੀਜੇ ਟਰਾਇਲ ਤੋਂ ਪਹਿਲਾਂ ਵੈਕਸੀਨ ਦਾ ਰੂਸ ਸਰਕਾਰ ਦਾ ਦਾਅਵਾ ਖਤਰਨਾਕ

ਪੈਰਿਸ, 6 ਅਗਸਤ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਿਊ ਐਚ ਓ) ਨੇ ਰੂਸ ਵਲੋਂ ਬਣਾਈ ਕਰੋਨਾ ਦੀ ਵੈਕਸਿਨ ਬਾਰੇ ਕਈ ਤਰ੍ਹਾਂ ਦੀਆਂ ਦੀਆਂ ਸ਼ੰਕਾ ਪ੍ਰਗਟ ਕੀਤੀਆਂ ਹਨ। ਸੰਸਥਾ ਦੇ ਬੁਲਾਰੇ ਕ੍ਰਿਸਟਿਅਨ ਲਿੰਡਮਿਯਰ ਨੇ ਦਸਿਆ ਹੈ ਕਿ ਜੇ ਕਿਸੇ ਵੈਕਸਿਨ ਦਾ ਤੀਜੇ ਪੜਾਅ ਦਾ ਟਰਾਇਲ ਕੀਤੇ ਬਿਨਾ ਉਸ ਦੇ ਉਤਪਾਦਨ ਦਾ ਲਾਇਸੰਸ ਜਾਰੀ ਕਰ ਦਿਤਾ ਜਾਏ ਤਾਂ ਇਸ ਨੂੰ ਖਤਰਨਾਕ ਮੰਨਣਾ ਪਵੇਗਾ। ਡਬਲਿਊ ਐਚ ਓ ਨੇ ਕਿਹਾ ਕਿ ਰੂਸ ਨੇ ਵੈਕਸੀਨ ਬਣਾਉਣ ਲਈ ਨਿਰਧਾਰਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਹੈ। ਇਹੋ ਜਿਹੀ ਹਾਲਤ ਵਿਚ ਇਸ ਵੈਕਸਿਨ ਦੀ ਕਾਮਯਾਬੀ ਉਪਰ ਭਰੋਸਾ ਕਰਨਾ ਮੁਸ਼ਕਲ ਹੈ। ਵੈਕਸਿਨ ਦੇ




ਉਤਪਾਦਨ ਦੇ ਲਈ ਕਈ ਨਿਰਦੇਸ਼ ਬਣਾਏ ਗਏ ਹਨ, ਜੋ ਟੀਮਾ ਇਹ ਕੰਮ ਕਰ ਰਹੀਆਂ ਹਨ ਉਨ੍ਹਾਂ ਨੂੰ ਇਸ ਦੀ ਪਾਲਣਾ ਕਰਨੀ ਪਵੇਗੀ।

ਵਰਨਣ ਯੋਗ ਹੈ ਕਿ ਪਿਛੇ ਜਿਹੇ ਰੂਸ ਨੇ ਆਪਣੀ ਵੈਕਸਿਨ ਉਪਰ ਸਾਰੇ ਕਲੀਨਿਕਲ ਟਰਾਇਲ ਮੁਕੰਮਲ ਕਰਨ ਦਾ ਐਲਾਨ ਕੀਤਾ ਸੀ। ਇਸ ਬਾਰੇ ਰੂਸ ਦੇ ਸਿਹਤ ਮੰਤਰੀ ਨੇ ਕਿਹਾ ਸੀ ਕਿ 10 ਅਗਸਤ ਨੂੰ ਇਸ ਦਾ ਐਲਾਨ ਕਰਨਗੇ। ਉਸ ਮੌਕੇ ਉਨ੍ਹਾ ਨੇ ਅਕਤੂਬਰ ਦੇ ਪਹਿਲੇ ਹਫਤੇ ਤੋਂ ਵੱਡੇ ਪੱਧਰ ’ਤੇ ਲੋਕਾਂ ਉਤੇ ਇਸ ਦੇ ਇਸਤੇਮਾਲ ਦਾ ਵੀ ਐਲਾਨ ਕੀਤਾ ਸੀ। ਵਿਸ਼ਵ ਸਿਹਤ ਸੰਗਠਨ ਨੇ ਆਪਣੀ ਵੈਬਸਾਈਟ ਉਤੇ ਕਲੀਨੀਕਲ ਟਰਾਇਲ ਤੋਂ ਲੰਘ ਰਹੀਆਂ 25 ਵੈਕਸੀਨਾ ਨੂੰ ਸੂਚੀਬੱਧ ਕੀਤਾ ਹੈ। ਇਨ੍ਹਾਂ ਵਿੱਚੋਂ 139 ਵੈਕਸੀਨਾ ਹਾਲੇ ਪ੍ਰੀ-ਕਲੀਨੀਕਲ ਸਟੇਜ ਉਪਰ ਹਨ। ਰੂਸ ਦੇ ਸਿਹਤ ਮੰਤਰੀ ਮਿਖਾਈਲ ਮੁਰਾਸ਼ਕੋ ਨੇ ਅਕਤੂਬਰ ਤੋਂ ਮਾਸ ਵੈਕਸੀਨ ਦੇ ਹਾਸਲ ਹੋਣ ਦਾ ਐਲਾਨ ਕੀਤਾ ਸੀ ਅਤੇ ਨਾਲ ਹੀ ਹੋਰਨਾ ਦੇਸ਼ਾਂ ਨੂੰ ਵੀ ਮੱਦਦ ਕਰਨ ਦਾ ਭਰੋਸਾ ਦੇ ਦਿਤਾ ਸੀ।

# ਇਸਾਇਸ ਤੂਫਾਨ ਨਾਲ ਪੂਰਬੀ ਅਮਰੀਕਾ ਵਿੱਚ ਤਬਾਹੀ, ਛੇ ਮੌਤਾਂ

ਵਿੰਡਸਰ, 6 ਅਗਸਤ (ਪੋਸਟ ਬਿਊਰੋ)- ਟ੍ਰੌਪੀਕਲ ਤੂਫ਼ਾਨ ‘ਇਸ-ਇਸ' ਨੇ ਪੂਰਬੀ ਅਮਰੀਕਾ ਵਿੱਚ ਤਬਾਹੀ ਮਚਾਈ ਹੈ। ਇਸ ਨਾਲ ਛੇ ਲੋਕਾਂ ਦੀ ਮੌਤ ਹੋ ਗਈ। ਓਧਰ ਉਤਰੀ ਕੈਨੋਲੀਨਾ ਵਿੱਚ ਹੜ੍ਹ ਆਉਣ ਅਤੇ ਅੱਗ ਲੱਗਣ ਕਾਰਨ ਕਈ ਲੋਕ ਹਿਜਰਤ ਕਰ ਚੁੱਕੇ ਹਨ। ਕੌਮੀ ਤੂਫਾਨ ਕੇਂਦਰ ਮੁਤਾਬਕ ਇਸਾਇਸ ਦੇ ਕਾਰਨ ਸ਼ੁਰੂਆਤ ਵਿੱਚ 65 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲੀਆਂ ਪਰ ਕੱਲ੍ਹ ਰਾਤ ਇਨ੍ਹਾਂ ਦੀ ਰਫ਼ਤਾਰ 45 ਮੀਲ ਪ੍ਰਤੀ ਘੰਟਾ ਹੋ ਗਈ ਸੀ।



ਇਸ ਤੂਫਾਨ ਦਾ ਕੇਂਦਰ ਮਾਂਟਰੀਅਲ ਦੇ ਦੱਖਣ ਪੂਰਬੀ ਵਿੱਚ ਕਰੀਬ 45 ਮੀਲ ਦੂਰ ਸੀ ਅਤੇ ਉਹ ਕੈਨੇਡਾ ਵਿੱਚ 38 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਅੱਗੇ ਵਧ ਰਿਹਾ ਸੀ। ਫਿਲਾਡੇਲਫੀਆ ਵਿੱਚ ਸ਼ੂਈਲਕਿਲ ਨਦੀ ਦੇ ਪਾਣੀ ਦਾ ਪੱਧਰ 15.4 ਫੁੱਟ ਤੱਕ ਹੋ ਜਾਣ ਦਾ ਡਰ ਦੱਸਿਆ ਗਿਆ ਹੈ, ਜੋ ਪਿਛਲੇ 150 ਸਾਲ ਤੋਂ ਵੀ ਵੱਧ ਸਮੇਂ ਵਿੱਚ ਸਭ ਤੋਂ ਵੱਧ ਪਾਣੀ ਦਾ ਪੱਧਰ ਹੋਵੇਗਾ। ਤੂਫਾਨ ਕਾਰਨ ਕਰੀਬ 5,00,000 ਘਰਾਂ ਦੀ ਸਪਲਾਈ ਠੱਪ ਹੋ ਗਈ। ਇਸ ਤੋਂ ਪਹਿਲਾਂ, ਓਜ਼ਨ ਆਈਨ ਤਟ ਵਿੱਚ ਚੱਕਰਵਾਤ ਕਾਰਨ ਕਈ ਥਾਈਂ ਪਾਣੀ ਭਰ ਗਿਆ ਤੇ ਪੰਜ ਘਰਾਂ ਵਿੱਚ ਅੱਗ ਲੱਗ ਗਈ। ਭਾਰੀ ਮੀਂਹ ਕਾਰਨ ਪੂਰਬੀ ਕੈਰੋਲੀਨਾ, ਅਟਲਾਂਟਿਕ ਦੇ ਕੁਝ ਹਿੱਸੇ ਅਤੇ ਉਤਰ ਪੂਰਬੀ ਅਮਰੀਕਾ ਵਿੱਚ ਅਚਾਨਕ ਹੜ੍ਹ ਆਉਣ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ।

# ਸੈਲਫੋਨ ‘ਸਥਿਤੀ ਡਾਟਾ' ਕੌਮੀ ਸੁਰੱਖਿਆ ਲਈ ਖਤਰਾ ਹੋ ਸਕਦੈ


ਸਾਨ ਫਰਾਂਸਿਸਕੋ, 6 ਅਗਸਤ (ਪੋਸਟ ਬਿਊਰੋ)- ਐਨ ਐਸ ਏ (ਨੈਸ਼ਨਲ ਸਕਿਉਰਿਟੀ ਏਜੰਸੀ) ਨੇ ਕੱਲ੍ਹ ਫ਼ੌਜੀ ਅਤੇ ਖੁਫੀਆ-ਕਮਿਊਨਿਟੀ ਸਟਾਫ ਲਈ ਨਵੇਂ ਸੁਝਾਅ ਜਾਰੀ ਕੀਤੇ, ਜਿਸ ਵਿੱਚ ਐਪਸ, ਵਾਇਰਲੈਸ ਨੈਟਵਰਕਸ ਤੇ ਬਲਿਊ ਟੁੱਥ ਤਕਨਾਲੋਜੀ ਰਾਹੀਂ ਸੈਲਫੋਨ ਦੀ ਸਥਿਤੀ ਦੇ ਟਰੈਕਿੰਗ ਦੇ ਡਰ ਬਾਰੇ ਚਿਤਾਵਨੀ ਦਿੱਤੀ ਹੈ।

ਅਮਰੀਕਾ ਦੀਆਂ ਚੋਟੀ ਦੀਆਂ ਖੁਫੀਆ ਏਜੰਸੀਆਂ ਵਿੱਚੋ ਇੱਕ ਐਨ ਐਸ ਏ ਦੀ ਚਿਤਾਵਨੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਸਿਲੀਕਾਨ ਵੈਲੀ ਦੀ ਇਸ਼ਤਿਹਾਰਬਾਜੀ ਤੇ ਮਾਰਕੀਟਿੰਗ ਦੇ ਕੰਮਾਂ ਲਈ ਸੈਲਫੋਨ ਦੀ ਸਥਿਤੀ ਦੀ ਸੂਚਨਾ ਇਕੱਠੀ ਕਰਨ ਅਤੇ ਵੇਚਣ ਦਾ ਕੰਮ ਸਰਕਾਰ ਦੇ ਅੰਦਰ ਬਹੁਤ ਸਾਰੇ ਲੋਕਾਂ ਲਈ ਇੱਕ ਗੰਭੀਰ ਕੌਮੀ ਸੁਰੱਖਿਆ ਲਈ ਖਤਰਾ ਹੈ। ਸਥਿਤੀ ਡਾਟਾ ਬਹੁਤ ਕੀਮਤੀ ਹੋ ਸਕਦਾ ਹੈ ਤੇ ਇਸ ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਇਹ ਇੱਕ ਸਥਾਨ, ਉਪਭੋਗਤਾ ਤੇ ਸਪਲਾਈ ਦੀਆਂ ਗਤੀਵਿਧੀਆਂ, ਰੋਜ਼ਾਨਾ ਰੁਟੀਨ (ਉਪਭੋਗਤਾ ਤੇ ਸੰਗਠਨ) ਵਿੱਚ ਖਪਤਕਾਰ ਦੀ ਗਿਣਤੀ ਬਾਰੇ ਵੇਰਵੇ ਦੱਸ ਸਕਦਾ ਹੈ ਅਤੇ ਲੋਕਾਂ ਅਤੇ ਟਿਕਾਣਿਆਂ ਵਿਚਕਾਰ ਨਿੱਜੀ ਸਬੰਧਾਂ ਦਾ ਪਰਦਾ ਫਾਸ਼ ਕਰ ਸਕਦਾ ਹੈ। ਕੌਮੀ ਸੁਰੱਖਿਆ ਏਜੰਸੀ ਦੇ ਮੁਤਾਬਕ ਐਪਸ ਅਕਸਰ ਤੀਜੀ ਧਿਰ ਦੇ ਟਿਕਾਣੇ ਦੇ ਅੰਕੜੇ ਦਲਾਲਾਂ ਨਾਲ ਅਣਪਛਾਤੇ ਸਥਾਨ ਡਾਟਾ ਇਕੱਠੇ ਕਰਦੇ ਤੇ ਸਾਂਝਾ ਕਰਦੇ ਹਨ ਜੋ ਬਦਲੇ ਵਿੱਚ ਆਪਣੇ ਵਪਾਰਕ ਸਾਮਾਨ ਨੂੰ ਸਰਕਾਰ ਅਤੇ ਕਾਰਪੋਰੇਟ ਗਾਹਕਾਂ ਨੂੰ ਵੇਚਦੇ ਹਨ।

# ਅਮਰੀਕਾ 'ਚ ਭਾਰਤੀ ਮੂਲ ਦੀ ਮਹਿਲਾ ਖੋਜ ਵਿਗਿਆਨੀ ਦਾ ਕਤਲ ਕਰਨ ਵਾਲਾ ਗ੍ਰਿਫ਼ਤਾਰ

ਸਾਨ ਫਰਾਂਸਿਸਕੋ, 6 ਅਗਸਤ (ਪੋਸਟ ਬਿਊਰੋ)- ਅਮਰੀਕਾ 'ਚ ਭਾਰਤੀ ਮੂਲ ਦੀ ਮਹਿਲਾ ਖੋਜ ਵਿਗਿਆਨੀ ਦਾ ਕਤਲ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ 43 ਸਾਲਾ ਸਰਮਿਸ਼ਟਾ ਸੇਨ ਉੱਤੇ ਉਸ ਵੇਲੇ ਜਾਨਲੇਵਾ ਹਮਲਾ ਕੀਤਾ ਗਿਆ ਜਦੋਂ ਉਹ ਸਵੇਰੇ ਕਸਰਤ ਕਰਨ ਲਈ ਦੌੜ ਰਹੀ ਸੀ।

ਪੁਲਸ ਦਾ ਕਹਿਣਾ ਹੈ ਕਿ ਕਤਲ ਦੀ ਜਾਂਚ ਦੇ ਘੇਰੇ ਵਿੱਚ ਆਇਆ ਇੱਕ ਸ਼ੱਕੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਰਮਿਸ਼ਟਾ ਸੇਨ ਦੇ ਭਰਾ ਸੁਮਿਤ ਸੇਨ ਦੱਸਿਆ ਕਿ ਸਰਮਿਸ਼ਟਾ ਇੱਕ ਫਾਰਮਾਸਿਸਟ ਤੇ ਖੋਜਕਰਤਾ ਸੀ ਜਿਸ ਨੇ ਐਟਮੀ ਜੀਵ ਵਿਗਿਆਨ ਦਾ ਅਧਿਐਨ



ਕੀਤਾ ਅਤੇ ਕੈਂਸਰ ਦੇ ਮਰੀਜ਼ਾਂ ਨਾਲ ਲੰਮਾ ਸਮਾਂ ਕੰਮ ਕੀਤਾ ਸੀ। ਸਵੇਰੇ ਕਰੀਬ ਸੱਤ ਵਜੇ ਕਿਸੇ ਨੇ ਸਰਮਿਸ਼ਟਾ ਦੀ ਲਾਸ਼ ਨਦੀ ਵਿੱਚ ਤਰਦੀ ਦੇਖ ਕੇ ਪੁਲਸ ਨੂੰ ਦੱਸਿਆ। ਪੁਲਸ ਦਾ ਕਹਿਣਾ ਹੈ ਕਿ ਕਤਲ ਦੇ ਸਮੇਂ ਹੀ ਮਾਈਕਲ ਡਰਾਈਵ ਦੇ 3400 ਬਲਾਕ 'ਤੇ ਨੇੜਲੇ ਇੱਕ ਘਰ ਦੇ ਅੰਦਰ ਵੀ ਤੋੜ-ਭੰਨ ਹੋਈ ਸੀ। ਪੁਲਸ ਨੇ ਚੋਰੀ ਦੇ ਦੋਸ਼ 'ਚ 29 ਸਾਲਾ ਬੈਕਰੀ ਮਾਨਕੀਫ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਕਿਹਾ ਇਹ ਸਰਮਿਸ਼ਟਾ ਦੇ ਕਤਲ ਦਾ ਵੀ ਸ਼ੱਕੀ ਹੈ।

# ਕੋਰੋਨਾ ਦੇ ਕਾਰਨ ਸੰਸਾਰ ਵਿੱਚ 1.6 ਅਰਬ ਵਿਦਿਆਰਥੀ ਪ੍ਰਭਾਵਤ

ਯੂ ਐੱਨ ਓ, 6 ਅਗਸਤ (ਪੋਸਟ ਬਿਊਰੋ)- ਸੰਸਾਰ ਦੀ ਪੰਚਾਇਤ ਯੂ ਐੱਨ ਓ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਕਿਹਾ ਹੈ ਕਿ ਕੋਰੋਨਾ ਵਾਇਰਸ ਨੇ ਇਤਿਹਾਸ ਵਿੱਚ ਸਿਖਿਆ ਦੇ ਖੇਤਰ ਵਿੱਚ ਅੱਜ ਤੱਕ ਦੀ ਸਭ ਤੋਂ ਵੱਡੀ ਰੁਕਾਵਟ ਪੈਦਾ ਕੀਤੀ ਹੈ। ਇਸ ਨਾਲ ਦੁਨੀਆ ਦੇ ਸਾਰੇ ਦੇਸ਼ਾਂ ਦੇ ਕਰੀਬ 1.6 ਅਰਬ ਵਿਦਿਆਰਥੀ ਪ੍ਰਭਾਵਤ ਹੋਏ ਹਨ। ਮਹਾਮਾਰੀ ਕਾਰਨ 2.38 ਕਰੋੜ ਬੱਚੇ ਅਗਲੇ ਸਾਲ ਦੀ ਪੜ੍ਹਾਈ ਵਿਚਾਲੇ ਹੀ ਛੱਡ ਸਕਦੇ ਹਨ।

ਗੁਤਰਸ ਨੇ ਸਿੱਖਿਆ ਤੇ ਕੋਵਿਡ 19 ਮਸਲੇ 'ਤੇ ਇੱਕ ਵੀਡੀਓ ਬਿਆਨ ਵਿੱਚ ਕਿਹਾ, ਸਿੱਖਿਆ ਨਿੱਜੀ ਵਿਕਾਸ ਅਤੇ ਸਮਾਜ ਦੇ ਭਵਿੱਖ ਦੀ ਕੁੰਜੀ ਹੈ। ਇਹ ਮੌਕੇ ਅਤੇ ਦਰਵਾਜ਼ੇ ਖੋਲ੍ਹਦੀ ਹੈ ਤੇ ਗੈਰ ਬਰਾਬਰੀ ਨੂੰ ਦੂਰ ਕਰਦੀ ਹੈ। ਇਹ ਗਿਆਨ ਯੋਗ ਤੇ ਸਹਿਣਸ਼ੀਲ ਸਮਾਜ ਦੀ ਬੁਨਿਆਦ ਤੇ ਲਗਾਤਾਰ ਵਿਕਾਸ ਦੀ ਸੰਚਾਲਕ ਹੈ। ਕੋਰੋਨਾ ਮਹਾਮਾਰੀ ਨੇ ਅੱਜ ਤੱਕ ਦੇ ਇਤਿਹਾਸ ਵਿੱਚ ਸਿੱਖਿਆ ਖੇਤਰ 'ਚ ਸਭ ਤੋਂ ਲੰਬੀ ਰੁਕਾਵਟ ਪੈਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮੱਧ ਜੁਲਾਈ ਤੱਕ 160 ਤੋਂ ਵੱਧ ਦੇਸ਼ਾਂ ਵਿੱਚ ਸਕੂਲ ਬੰਦ ਕਰ ਦਿੱਤੇ ਗਏ ਤਾਂ ਇਸ ਨਾਲ ਇੱਕ ਅਰਬ ਤੋਂ ਵੱਧ ਵਿਦਿਆਰਥੀ ਪ੍ਰਭਾਵਤ ਹੋਏ ਤੇ ਦੁਨੀਆ ਭਰ ਵਿੱਚ ਕਰੀਬ ਚਾਰ ਕਰੋੜ ਬੱਚੇ ਸਕੂਲ ਵਿੱਚ ਅਹਿਮ ਸ਼ੁਰੂਆਤੀ ਸਿੱਖਿਆ ਨਹੀਂ ਲੈ ਸਕੇ। ਮਹਾਮਾਰੀ ਨੇ ਸਿੱਖਿਆ ਵਿੱਚ ਗੈਰ-ਬਰਾਬਰੀ ਨੂੰ ਉਤਸ਼ਾਹਤ ਕੀਤਾ ਤੇ ਲੰਬੇ ਸਮੇਂ ਤੱਕ ਸਕੂਲਾਂ ਦੇ ਬੰਦ ਰਹਿਣ ਨਾਲ ਪਿਛਲੇ ਦਹਾਕਿਆਂ ਵਿੱਚ ਇਹ ਖਤਰਨਾਕ ਵਾਇਰਸ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਦੁਨੀਆ ਪਹਿਲਾਂ ਤੋਂ ਵੀ ਵਿਦਿਅਕ ਸੰਕਟ ਨਾਲ ਜੂਝ ਰਹੀ ਹੈ। ਮਹਾਮਾਰੀ ਤੋਂ ਪਹਿਲਾਂ ਵੀ ਕਰੀਬ 25 ਕਰੋੜ ਬੱਚੇ ਸਕੂਲ ਨਹੀਂ ਜਾ ਪਾ ਰਹੇ ਸਨ।

# ਪਾਕਿਸਤਾਨੀ ਅਦਾਲਤ ਵੱਲੋਂ ਕੁਲਭੂਸ਼ਨ ਜਾਧਵ ਕੇਸ ਵਿੱਚ ਤਿੰਨ ਅਦਾਲਤੀ ਮਿੱਤਰ ਨਿਯੁਕਤ

ਇਸਲਾਮਾਬਾਦ, 6 ਅਗਸਤ (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਨੇ ਕੁਲਭੂਸ਼ਣ ਜਾਧਵ ਕੇਸ ਵਿੱਚ ਆਪਣੇ ਦੇਸ਼ ਦੇ ਤਿੰਨ ਸੀਨੀਅਰ ਵਕੀਲਾਂ ਨੂੰ ਅਦਾਲਤ ਮਿੱਤਰ (ਐਮੀਕਸ ਕਿਊਰੀ) ਨਿਯੁਕਤ ਕੀਤਾ ਹੈ। ਇਸ ਦੇ ਨਾਲ ਕੋਰਟ ਨੇ ਇਸ ਕੇਸ ਲਈ ਕੋਰਟ ਦੇ ਰਜਿਸਟਰਾਰ ਨੂੰ ਅਗਲੀ ਸੁਣਵਾਈ ਤਿੰਨ ਸਤੰਬਰ ਲਈ ਵੱਡਾ ਬੈਂਚ ਬਣਾਉਣ ਅਤੇ ਉਸ ਦਿਨ ਦੀ ਸੁਣਵਾਈ ਉਸ ਵਡੇਰੇ ਬੈਂਚ ਅੱਗੇ ਦੁਪਹਿਰ ਬਾਅਦ ਦੋ ਵਜੇ ਨਿਰਧਾਰਤ ਕਰਨ ਲਈ ਕਿਹਾ ਹੈ। ਵਰਨਣ ਯੋਗ ਹੈ ਕਿ ਹਾਈ ਕੋਰਟ ਨੇ ਇੱਕ ਦਿਨ ਪਹਿਲਾ ਮੌਤ ਦੀ ਸਜ਼ਾ ਯਾਫਤਾ ਕੁਲਭੂਸ਼ਣ ਜਾਧਵ ਲਈ ਇੱਕ ਵਕੀਲ ਨਿਯੁਕਤ ਕੀਤੇ ਜਾਣ ਬਾਰੇ ਭਾਰਤ ਨੂੰ ਇੱਕ ਹੋਰ ਮੌਕਾ ਦੇਣ ਲਈ ਕਿਹਾ ਸੀ।

ਭਾਰਤੀ ਸਮੁੰਦਰੀ ਫੌਜ ਦੇ ਸਾਬਕਾ ਅਧਿਕਾਰੀ ਕੁਲਭੂਸ਼ਣ ਜਾਧਵ (50) ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਜਾਸੂਸੀ ਅਤੇ ਅੱਤਵਾਦ ਦੇ ਦੋਸ਼ ਵਿੱਚ ਅਪ੍ਰੈਲ 2017 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਇਸ ਬਾਰੇ ਭਾਰਤ ਨੇ ਕੌਮਾਂਤਰੀ ਅਦਾਲਤ ਵਿੱਚ ਮੌਤ ਦੀ ਸਜ਼ਾ ਨੂੰ ਚੁਣੌਤੀ ਦਿੱਤੀ ਅਤੇ ਜਾਧਵ ਤੱਕ ਡਿਪਲੋਮੇਟਿਕ ਪਹੁੰਚ ਦੀ ਮੰਗ ਦੇਣ ਦੀ ਕੀਤੀ ਸੀ। ਇਸਲਾਮਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਅਤਹਰ ਮਿਨਅੱਲ੍ਹਾ ਅਤੇ ਜਸਟਿਸ ਮੀਆਂ ਗੁਲ ਹਸਨ ਔਰੰਗਜ਼ੇਬ ਦੇ ਦੋ ਮੈਂਬਰੀ ਬੈਂਚ ਨੇ ਪਾਕਿਸਤਾਨ ਸਰਕਾਰ ਵੱਲੋਂ ਦਾਇਰ ਪਟੀਸ਼ਨ 'ਤੇ ਆਬਿਦ ਹਸਨ ਮੰਟੋ, ਹਾਮਿਦ ਖਾਨ ਤੇ ਮਕਦੂਮ ਅਲੀ ਖਾਨ ਨੂੰ ਜਾਧਵ ਕੇਸ ਵਿੱਚ ਅਦਾਲਤੀ ਮਿੱਤਰ ਨਿਯੁਕਤ ਕੀਤਾ ਹੈ। ਮੰਟੋ ਤੇ ਹਾਮਿਦ ਖਾਨ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹੋਣ ਦੇ ਨਾਲ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਹਨ। ਮਖਦੂਮ ਅਲੀ ਇਸ ਦੇਸ਼ ਦਾ ਸਾਬਕਾ ਅਟਾਰਨੀ ਜਨਰਲ ਹੈ। ਕੋਰਟ ਨੇ ਕਿਹਾ ਕਿ ਅਦਾਲਤੀ ਮਿੱਤਰ ਵਜੋਂ ਇਹ ਤਿੰਨੇ ਜਾਧਵ ਨੂੰ ਕਾਨੂੰਨੀ ਮਦਦ ਦੇਣ ਦੇ ਨਾਲ ਕੌਮਾਂਤਰੀ ਨਿਆਂ ਅਦਾਲਤ ਦੇ ਫੈਸਲੇ ਨੂੰ ਅਸਰਦਾਰ ਤਰੀਕੇ ਨਾਲ ਅਮਲ ਵਿੱਚ ਲਿਆਉਣਾ ਯਕੀਨੀ ਬਣਾਉਣਗੇ।




# ਸਿਟੀ ਆਫ ਟੋਰਾਂਟੋ ਦੀ ਸਟਾਫ ਮੈਂਬਰ ਉੱਤੇ ਚਾਕੂ ਨਾਲ ਹਮਲਾ, ਮਸ਼ਕੂਕ ਗ੍ਰਿਫਤਾਰ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਕੱਲ੍ਹ ਰਾਤ ਮਿਡਟਾਊਨ ਵਿੱਚ ਹਾਊਸਿੰਗ ਅਪਾਰਟਮੈਂਟ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਸਿਟੀ ਆਫ ਟੋਰਾਂਟੋ ਦੀ ਸਟਾਫ ਮੈਂਬਰ ਜ਼ਖ਼ਮੀ ਹੋ ਗਈ। ਇਸ ਸਮੇਂ ਉਹ ਹਸਪਤਾਲ ਵਿੱਚ ਜੇਰੇ ਇਲਾਜ ਹੈ।

ਇੱਕ ਪ੍ਰੈੱਸ ਰਲੀਜ਼ ਵਿੱਚ ਸਿਟੀ ਨੇ ਦੱਸਿਆ ਕਿ ਯੌਂਜ ਸਟਰੀਟ ਨੇੜੇ 55/65 ਬ੍ਰੌਡਵੇਅ ਐਵਨਿਊ ਵਿਖੇ ਸਿਟੀ ਦੇ ਅੰਤਰਿਮ ਹਾਊਸਿੰਗ ਪ੍ਰੋਗਰਾਮ ਉੱਤੇ ਸ਼ਿਫਟ ਦੌਰਾਨ ਕਲਾਇੰਟ ਵੱਲੋਂ ਹੀ ਸਿਟੀ ਦੀ ਇਸ ਸਟਾਫ ਮੈਂਬਰ ਨੂੰ ਚਾਕੂ ਦੇ ਵਾਰ ਕਰਕੇ ਜ਼ਖ਼ਮੀ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਸ਼ਾਮੀਂ 7:00 ਵਜੇ ਬਿਲਡਿੰਗ ਦੀ ਲਾਬੀ ਵਿੱਚ ਵਾਪਰੀ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਯੌਂਜ ਸਟਰੀਟ ਤੇ ਬਰੌਡਵੇਅ ਐਵਨਿਊ ਏਰੀਆ ਵਿੱਚ ਸ਼ਾਮੀਂ 7:00 ਵਜੇ ਛੁਰੇਬਾਜ਼ੀ ਦੀ ਵਾਪਰੀ ਇਸ ਘਟਨਾ ਬਾਰੇ ਉਨ੍ਹਾਂ ਨੂੰ ਫੋਨ ਕਰਕੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਇੱਕ ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ।ਉਸ ਨੂੰ ਤੁਰੰਤ ਟਰੌਮਾ ਸੈਂਟਰ ਲਿਜ-ਾਇਆ ਗਿਆ। ਉਸ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾਂਦੀ ਹੈ। ਪੁਲਿਸ ਵੱਲੋਂ ਇਸ ਘਟਨਾ ਦੇ ਸਬੰਧ ਵਿੱਚ ਇੱਕ 45 ਸਾਲਾ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਉਸ ਉਤੇ ਕਿਹੜੇ ਚਾਰਜਿਜ ਲਾਏ ਗਏ ਹਨ ਇਸ ਬਾਰੇ ਪੁਲਿਸ ਨੇ ਕੋਈ ਜਾਣਕਾਰੀ ਨਹੀਂ ਦਿਤੀ।

# ਕੋਵਿਡ-19 ਦੌਰਾਨ ਅਚਨਚੇਤੀ ਚੋਣਾਂ ਨਹੀ ਚਾਹੁੰਦੇ ਬਹੁਤੇ ਕੈਨੇਡੀਅਨ : ਨੈਨੋਜ਼ ਸਰਵੇ




ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਵੁਈ ਚੈਰਿਟੀ ਮਾਮਲੇ ਕਾਰਨ ਅਚਨਚੇਤੀ ਚੋਣਾਂ ਸਿਰ ਉੱਤੇ ਹੋਣ ਦੇ ਬਾਵਜੂਦ ਬਹੁਤੇ ਕੈਨੇਡੀਅਨ ਮਹਾਂਮਾਰੀ ਦੌਰਾਨ ਚੋਣਾਂ ਦੇ ਹੱਕ ਵਿੱਚ ਨਹੀਂ ਹਨ। ਇਹ ਖੁਲਾਸਾ ਨੈਨੋਜ਼ ਰਿਸਰਚ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਤੋਂ ਹੋਇਆ ਹੈ।

ਸਰਵੇਖਣ ਵਿੱਚ 1094 ਕੈਨੇਡੀਅਨਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਇਸ ਗੱਲ ਉੱਤੇ ਸਹਿਮਤ ਹਨ ਕਿ ਲਿਬਰਲ ਸਰਕਾਰ ਤੇ ਵਿਰੋਧੀ ਧਿਰਾਂ ਕਿਸੇ ਤਰ੍ਹਾਂ ਇਸ ਘੱਟ ਗਿਣਤੀ ਪਾਰਲੀਆਮੈਂਟ ਨੂੰ ਪਾਰ ਲਾ ਲੈਣ ਤਾਂ ਕਿ ਮਹਾਂਮਾਰੀ ਦਾ ਇਹ ਦੌਰ ਖ਼ਤਮ ਹੋ ਸਕੇ ਤੇ ਜਾਂ ਫਿਰ ਕੋਈ ਵੈਕਸੀਨ ਜਦੋਂ ਤੱਕ ਉਪਲਬਧ ਨਹੀਂ ਹੋ ਜਾਂਦੀ ਉਦੋਂ ਤੱਕ ਚੋਣਾਂ ਦਾ ਰੌਲਾ ਨਾ ਹੀ ਪਾਇਆ ਜਾਵੇ।

ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 51 ਫੀ ਸਦੀ ਨੇ ਆਖਿਆ ਕਿ ਇਨ੍ਹਾਂ ਹਾਲਾਤ ਵਿੱਚ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ ਜਦਕਿ ਹੋਰਨਾਂ 20 ਫੀ ਸਦੀ ਦਾ ਕਹਿਣਾ ਸੀ ਕਿ ਉਹ ਕਿਸੇ ਹੱਦ ਤੱਕ ਸਹਿਮਤ ਹਨ। 18 ਫੀ ਸਦੀ ਨੇ ਇਸ ਨਾਲ ਅਸਹਿਮਤੀ ਪ੍ਰਗਟਾਈ। ਬਾਕੀ 10 ਫੀ ਸਦੀ ਨੇ ਆਖਿਆ ਕਿ ਉਹ ਕਿਸੇ ਹੱਦ ਤੱਕ ਸਹਿਮਤ ਨਹੀ ਹਨ। ਦੋ ਫੀ ਸਦੀ ਨੂੰ ਇਸ ਬਾਰੇ ਕੁੱਝ ਪੱਕਾ ਨਹੀ ਸੀ ਪਤਾ। ਕੰਜ਼ਰਵੇਟਿਵਾਂ ਤੇ ਬਲਾਕ ਕਿਊਬਿਕੁਆ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿੱਤ ਮੰਤਰੀ ਬਿੱਲ ਮੌਰਨਿਊ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ। ਇਨ੍ਹਾਂ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਦੋਵਾਂ ਆਗੂਆਂ ਵੱਲੋਂ ਮੰਗੀਆਂ ਗਈਆਂ ਮੁਆਫੀਆਂ ਕਾਫੀ ਨਹੀਂ ਹਨ। ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਨੇ ਪਿਛਲੇ ਹਫਤੇ ਆਖਿਆ ਸੀ ਕਿ ਸਤੰਬਰ ਦੇ ਅੰਤ ਵਿੱਚ ਜਦੋਂ ਹਾਊਸ ਆਫ ਕਾਮਨਜ਼ ਦੀ ਕਾਰਵਾਈ ਸ਼ੁਰੂ ਹੋਵੇਗੀ ਤਾਂ ਉਨ੍ਹਾਂ ਦੀ ਪਾਰਟੀ ਕਿਊਬਿਕ ਵਾਸੀਆਂ ਨਾਲ ਸਲਾਹ ਕਰਕੇ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਜੇ ਬੇਭਰੋਸਗੀ ਮਤਾ ਪੇਸ਼ ਹੁੰਦਾ ਹੈ ਤੇ ਲਿਬਰਲ ਹਾਰ ਜਾਂਦੇ ਹਨ ਤਾਂ ਫੈਡਰਲ ਚੋਣਾਂ ਯਕੀਨਨ ਹੋਣਗੀਆਂ।

ਪਰ ਅਜੋਕੇ ਮਾਹੌਲ ਵਿੱਚ ਕੈਨੇਡੀਅਨਾਂ ਦਾ ਚੋਣਾਂ ਕਰਵਾਉਣ ਦਾ ਕੋਈ ਇਰਾਦਾ ਨਹੀਂ ਲੱਗਦਾ। ਪਰ ਕੈਨੇਡੀਅਨ ਇਹ ਜ਼ਰੂਰ ਚਾਹੁੰਦੇ ਹਨ ਕਿ ਵੁਈ ਚੈਰਿਟੀ ਮਾਮਲੇ ਦੀ ਜਾਂਚ ਜ਼ਰੂਰ ਸਹੀ ਢੰਗ ਨਾਲ ਹੋਵੇ।

# ਮਾਈਗ੍ਰੈਂਟ ਵਰਕਰਜ਼ ਦੀ ਹਾਲਤ ਸੁਧਾਰਨ ਲਈ ਫੈਡਰਲ ਸਰਕਾਰ ਖਰਚੇਗੀ 58.6 ਮਿਲੀਅਨ ਡਾਲਰ



ਓਟਵਾ, 6 ਅਗਸਤ (ਪੋਸਟ ਬਿਊਰੋ) : ਮਾਇਗ੍ਰੈਂਟ ਫਾਰਮ ਵਰਕਰਜ਼ ਦੀ ਹਿਫਾਜ਼ਤ ਲਈ ਸਰਕਾਰ ਵੱਲੋਂ ਬਹੁਤਾ ਕੁੱਝ ਨਹੀਂ ਕੀਤਾ ਗਿਆ। ਇਹ ਤੁਹ-ਮਤਾਂ ਲੱਗਣ ਤੋਂ ਬਾਅਦ ਓਟਵਾ ਸਰਕਾਰ ਵੱਲੋਂ ਖੇਤੀਬਾੜੀ ਇੰਡਸਟਰੀ ਦੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਸਿਹਤ ਤੇ ਸੇਫਟੀ ਵਿੱਚ ਸੁਧਾਰ ਲਈ 58.6 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ।

ਇਹ ਫੰਡ ਜਾਂਚ ਵਿੱਚ ਵਾਧਾ ਕਰਨ ਤੇ ਹਾਊਸਿੰਗ ਵਿੱਚ ਸੁਧਾਰ ਕਰਨ ਲਈ ਖਰਚੀ ਜਾਵੇਗੀ। ਸਰਕਾਰ ਨੇ ਇਹ ਵੀ ਆਖਿਆ ਕਿ ਉਹ ਕੌਮੀ ਪਧਰ ਉੱਤੇ ਤਾਲਮੇਲ ਵਾਲੀ ਪਹੁੰਚ ਅਪਨਾਉਣ ਲਈ ਆਉਣ ਵਾਲੇ ਮਹੀਨਿਆਂ ਵਿਚ ਪ੍ਰੋਵਿੰਸਾਂ, ਇੰਪਲੌਇਰਜ, ਵਰਕਰਜ਼ ਤੇ ਵਿਦੇਸ਼ੀ ਭਾਈਵਾਲ ਦੇਸ਼ਾਂ ਨਾਲ ਸਲਾਹ ਮਸ਼ਵਰਾ ਕਰੇਗੀ। ਇੰਪਲੌਇਰਜ਼ ਵੱਲੋਂ ਵਰਕਰਜ਼ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਅਕਮੋਡੇਸ਼ਨਜ਼ ਵਿੱਚ ਜ਼ਿੰਦਗੀ ਗੁਜ਼ਾਰਨ ਦੇ ਬਿਹਤਰ ਹਾਲਾਤ ਹੋਣੇ ਜ਼ਰੂਰੀ ਹੋਣ ਇਹ ਵੀ ਸਰਕਾਰ ਯਕੀਨੀ ਬਣਾਵੇਗੀ।

ਐਡਵੋਕੇਟਸ, ਮੈਡੀਕਲ ਮਾਹਿਰਾਂ ਤੇ ਵਰਕਰਜ਼ ਵੱਲੋਂ ਲੰਮੇ ਸਮੇਂ ਤੋਂ ਰਹਿਣ ਦੇ ਤੇ ਕੰਮ ਕਰਨ ਦੇ ਮਾੜੇ ਹਾਲਾਤ ਦਾ ਜ਼ਿਕਰ ਕੀਤਾ ਜਾਂਦਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਵਰਕਰਜ਼ ਦੀ ਸਿਹਤ ਤੇ ਸੇਫਟੀ ਨਾਲ ਖਿਲਵਾੜ ਹੋ ਰਿਹਾ ਹੈ। ਮਹਾਂਮਾਰੀ ਦੇ ਇਸ ਦੌਰ ਵਿੱਚ ਤਾਂ ਇਹ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ। ਜ਼ਿਕਰਯੋਗ ਹੈ ਕਿ 1300 ਤੋਂ ਵੀ ਵਧ ਮਾਈਗ੍ਰੈਂਟ ਫਾਰਮ ਵਰਕਰਜ਼ ਸਿਰਫ ਓਨਟਾਰੀਓ ਵਿੱਚ ਹੀ ਕੋਵਿਡ-19 ਪਾਜ਼ੀਟਿਵ ਆਏ ਹਨ। ਇਨ੍ਹਾਂ ਵਿੱਚੋਂ ਤਿੰਨ ਦੀ ਮੌਤ ਹੋ ਗਈ ਹੈ- ਇਨ੍ਹਾਂ ਵਿੱਚੋਂ ਇੱਕ ਤਾਂ ਸਿਰਫ 24 ਸਾਲ ਦਾ ਹੀ ਸੀ।

ਇਸ ਸਬੰਧ ਵਿੱਚ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਸੀਂ ਉਨ੍ਹਾਂ ਤ੍ਰਾਸਦੀਆਂ ਵੱਲ ਝਾਤੀ ਮਾਰੀ ਹੈ ਜਿਨ੍ਹਾਂ ਕਾਰਨ ਅਸਥਾਈ ਵਿਦੇਸ਼ੀ ਕਾਮਿਆਂ ਦਾ ਕਾਫੀ ਨੁਕਸਾਨ ਹੋਇਆ ਹੈ। ਟਰੂਡੋ ਨੇ ਆਖਿਆ ਕਿ ਸਾਨੂੰ ਇਸ ਸਬੰਧ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਨ ਦੀ ਲੋੜ ਹੈ।

# ਵੁਈ ਚੈਰਿਟੀ ਵਿਵਾਦ ਤੋਂ ਬਾਅਦ ਚੈਰਿਟੀਜ਼ ਨੂੰ ਵਿਸ਼ਵਾਸ ਤੇ ਡੋਨੇਸ਼ਨਜ਼ ਖੁੱਸਣ ਦਾ ਡਰ

ਓਟਵਾ, 6 ਅਗਸਤ (ਪੋਸਟ ਬਿਊਰੋ) : ਬਹੁਤਿਆਂ ਨੂੰ ਲੱਗਦਾ ਸੀ ਕਿ ਗਰਮੀਆਂ ਤੱਕ ਸੱਭ ਨੌਰਮਲ ਹੋ ਜਾਵੇਗਾ ਪਰ ਅਜਿਹਾ ਹੋ ਨਹੀਂ ਸਕਿਆ। ਭਾਵੇਂ ਓਨਟਾਰੀਓ ਦੇ ਬਹੁਤੇ ਹਿੱਸੇ ਤੀਜੇ ਪੜਾਅ ਵਿੱਚ ਦਾਖਲ ਹੋ ਚੁੱਕੇ ਹਨ ਪਰ ਅਜੇ ਵੀ ਹਾਲਾਤ ਪੂਰੀ ਤਰ੍ਹਾਂ ਨੌਰਮਲ ਨਹੀਂ ਹੋਏ। ਇਸ ਮਹਾਂਮਾਰੀ ਤੋਂ ਕਈ ਲੋਕਾਂ ਨੂੰ ਨੁਕਸਾਨ ਹੋਇਆ ਹੈ। ਕੁੱਝ ਬਿਮਾਰ ਪਏ ਅਤੇ ਕੁਝ ਤਾਂ ਮੌਤ ਦੇ ਮੂੰਹ ਜਾ ਪਏ। ਕਈਆਂ ਦੀਆਂ ਨੌਕਰੀਆਂ ਖੁੱਸ ਗਈਆਂ ਤੇ ਉਨ੍ਹਾਂ ਨੂੰ ਕੰਮ ਜਲਦ ਮਿਲਣ ਦੀ ਆਸ ਵੀ ਨਹੀਂ।

ਚੈਰੀਟੇਬਲ ਸੈਕਟਰ-ਜਿਹੜਾ ਫੁੱਲ ਟਾਈਮ ਵਰਕਫੋਰਸ ਦੇ 10 ਫੀ ਸਦੀ ਨੂੰ ਰੋਜ਼ਗਾਰ ਦਿੰਦਾ ਹੈ ਤੇ ਜੀਡੀਪੀ ਵਿੱਚ ਅੱਠ ਫੀ ਸਦੀ ਦੀ ਹਿੱਸੇਦਾਰੀ ਪਾਉਂਦਾ ਹੈ, ਦੀਆਂ ਪੰਜ ਵਿੱਚੋਂ ਇੱਕ ਸੰਸਥਾਵਾਂ ਨੂੰ ਆਪਣੇ ਕੰਮ ਜਾਂ ਤਾਂ ਮੁਲਤਵੀ ਕਰਨੇ ਪੈ ਰਹੇ ਹਨ ਤੇ ਜਾਂ ਫਿਰ ਕੋਵਿਡ-19 ਕਾਰਨ ਆਪਣੇ ਪ੍ਰੋਗਰਾਮ ਰੱਦ ਕਰਨੇ ਪੈ ਰਹੇ ਹਨ। ਕਈ ਚੈਰਿਟੀਜ਼ ਤਾਂ ਆਪਣੇ ਦਰਵਾਜ਼ੇ ਬੰਦ ਕਰ ਚੁੱਕੀਆਂ ਹਨ। ਇਹ ਖੁਲਾਸਾ ਇਮੈਜਿਨ ਕੈਨੇਡਾ ਦੀ ਰਿਪੋਰਟ ਤੋਂ ਹੋਇਆ ਹੈ।


ਇਸ ਰਿਪੋਰਟ ਵਿੱਚ ਇਹ ਵੀ ਪਾਇਆ ਗਿਆ ਕਿ 2008 ਦੇ ਮੰਦਵਾੜੇ ਨਾਲੋਂ ਕੋਵਿਡ-19 ਦਾ ਅਸਰ ਇਨ੍ਹਾਂ ਚੈਰਿਟੀਜ਼ ਉੱਤੇ ਬਹੁਤਾ ਨਕਾਰਾਤਮਕ ਰਿਹਾ ਹੈ। ਦੋ ਤਿਹਾਈ ਚੈਰਿਟੀਜ਼ ਦੀ ਆਮਦਨ ਵਿੱਚ 31 ਫੀ ਸਦੀ ਕਮੀ ਦਰਜ ਕੀਤੀ ਗਈ ਹੈ। ਇਸ ਨਾਲ ਬਹੁਤੇ ਕੈਨੇਡੀਅਨ, ਖਾਸ ਤੌਰ ਉੱਤੇ ਕਮਜ਼ੋਰ ਵਰਗ ਨੂੰ ਕਾਫੀ ਨੁਕਸਾਨ ਹੋਵੇਗਾ।

ਮਹਾਂਮਾਰੀ ਦੀ ਮਾਰ ਸਹਿ ਰਹੀਆਂ ਚੈਰਿਟੀਜ਼ ਨੂੰ ਇੱਕ ਚਿੰਤਾ ਹੋਰ ਸਤਾ ਰਹੀ ਹੈ ਤੇ ਉਹ ਹੈ ਵਿਸ਼ਵਾਸ ਗੁਆਚਣ ਦੀ। ਵੁਈ ਚੈਰਿਟੀ ਵਿਵਾਦ ਤੋਂ ਬਾਅਦ ਲਿਬਰਲ ਸਰਕਾਰ ਵੱਲੋਂ ਇਸ ਚੈਰਿਟੀ ਨਾਲ ਕੀਤੀ ਡੀਲ ਰੱਦ ਕਰਨ ਮਗਰੋਂ ਆਮ ਤੌਰ ਉੱਤੇ ਹੀ ਹੁਣ ਕੈਨੇਡੀਅਨਾਂ ਦਾ ਭਰੋਸਾ ਚੈਰਿਟੀਜ਼ ਵਿੱਚੋਂ ਉਠ ਗਿਆ ਲੱਗਦਾ ਹੈ। ਕੋਵਿਡ-19 ਮਹਾਂਮਾਰੀ ਕਾਰਨ ਇਨ੍ਹਾਂ ਚੈਰਿਟੀਜ਼ ਨੂੰ ਮਿਲਣ ਵਾਲੀ ਡੋਨੇਸ਼ਨ ਪਹਿਲਾਂ ਹੀ ਘੱਟ ਗਈ ਸੀ। ਇਮੈਜਿਨ ਕੈਨੇਡਾ ਦੇ ਚੀਫ ਐਗਜ਼ੈਕਟਿਵ ਬਰੂਸ ਮੈਕਡੌਨਲਡ ਨੇ ਆਖਿਆ ਕਿ ਚੈਰਿਟੀਜ਼ ਨੂੰ ਹੋਣ ਵਾਲੀ 48 ਫੀ ਸਦੀ ਆਮਦਨ ਡੋਨੇਸ਼ਨਜ਼ ਤੋਂ ਹੀ ਹੁੰਦੀ ਹੈ।

ਇੱਕ ਹੋਰ ਚਿੰਤਾ ਇਹ ਵੀ ਹੈ ਕਿ ਸਰਕਾਰਾਂ ਹੁਣ ਚੈਰਿਟੀਜ਼ ਨਾਲ ਭਾਈਵਾਲੀ ਕਰਨ ਤੋਂ ਕਤਰਾਉਣਗੀਆਂ। ਪਰ ਆਈ ਲੀਡ, ਕੈਨੇਡਾ ਹੈਲਪਜ਼ ਨੇ ਇਮੈਜਿਨ ਕੈਨੇਡਾ ਨਾਲ ਰਲ ਕੇ ਕੋਵਿਡ-19 ਚੈਰਿਟੀ ਅਡੈਪਟੇਸ਼ਨ ਐਂਡ ਇਨੋਵੇਸ਼ਨ ਫੰਡ ਲਾਂਚ ਕੀਤਾ ਹੈ। ਜਿਸ ਨਾਲ ਕੈਨੇਡੀਅਨਾਂ ਲਈ 400 ਸੰਸਥਾਵਾਂ ਦੀ ਸਹਾਇਤਾ ਕਰਨੀ ਸੌਖੀ ਹੋ ਸਕੇਗੀ। ਇਸ ਤਰ੍ਹਾਂ ਕੈਨੇਡੀਅਨ ਇਸ ਸੈਕਟਰ ਦੀ ਮਦਦ ਕਰ ਸਕਣਗੇ ਅਤੇ ਅਗਾਂਹ ਚੈਰਿਟੀਜ਼ ਕਮਜ਼ੋਰ ਵਰਗ ਦੀ ਮਦਦ ਕਰ ਸਕਣਗੀਆਂ।

## ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
**647-400-0060**
ਜਾਂ ਬਲਬੀਰ
**289-541-5384**



ਕੈਸਲਮੋਰ, ਗੋਰ ਰੋਡ , ਹਾਈਵੇ 50, ਟਾਰਬਰਮ, ਏਅਰਪੋਰਟ ਰੋਡ, ਕੰਟਰੀਸਾਈਡ ਆਦਿ ਏਰੀਏ ਤੋਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ ।

## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
**647-764-3637**






## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੁਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ।
ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW



AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਕਲਾਸਾਂ ਦਾ ਆਕਾਰ ਘਟਾਉਣ ਲਈ ਮਾਪਿਆਂ ਨੇ ਸਰਕਾਰ ਤੋਂ ਕੀਤੀ ਮੰਗ

ਓਨਟਾਰੀਓ, 6 ਅਗਸਤ (ਪੋਸਟ ਬਿਊਰੋ) : ਮਾਪਿਆਂ ਨੂੰ ਲੱਗ ਰਿਹਾ ਹੈ ਕਿ ਓਨਟਾਰੀਓ ਸਰਕਾਰ ਵੱਲੋਂ ਐਲੀਮੈਂਟਰੀ ਵਿਦਿਆਰਥੀਆਂ ਲਈ ਕਲਾਸਾਂ ਦਾ ਆਕਾਰ ਘਟਾਉਣ ਤੋਂ ਬਿਨਾਂ ਹੀ ਸਕੂਲ ਖੋਲ੍ਹਣ ਦੀ ਕੀਤੀ ਜਾ ਰਹੀ ਤਿਆਰੀ ਬਹੁਤ ਹੀ ਨਿਰਾਸ਼ਾਜਨਕ ਤੇ ਪਰੇਸ਼ਾਨ ਕਰਨ ਵਾਲਾ ਫੈਸਲਾ ਹੈ।



ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਲਈ ਟੀਚਰ-ਲਾਇਬ੍ਰੇਰੀਅਨ ਕੈਲੀ ਇਗਰਜ਼ ਨੇ ਆਖਿਆ ਕਿ ਭੀੜ ਭਾੜ ਵਾਲੀਆਂ ਕਲਾਸਾਂ ਵਿੱਚ ਸੋਸ਼ਲ ਡਿਸਟੈਂਸਿੰਗ ਵਾਲੇ ਨਿਯਮ ਦੀ ਪਾਲਣਾ ਕਰਨਾ ਅਸੰਭਵ ਹੈ। ਸ਼ਨਿੱਚਰਵਾਰ ਨੂੰ ਉਸ ਵੱਲੋਂ ਇੱਕ ਪਟੀਸ਼ਨ ਸ਼ੁਰੂ ਕੀਤੀ ਗਈ ਜਿਸ ਵਿੱਚ ਓਨਟਾਰੀਓ ਸਰਕਾਰ ਤੋਂ ਕਲਾਸਾਂ ਦਾ ਆਕਾਰ ਘਟਾਉਣ ਦੀ ਮੰਗ ਕੀਤੀ ਗਈ। ਸੋਮਵਾਰ ਸ਼ਾਮ ਤੱਕ

## ਹਜ਼ਾਰਾਂ ਨੇ ਸਾਈਨ ਕੀਤੀ ਪਟੀਸ਼ਨ

65000 ਲੋਕਾਂ ਵੱਲੋਂ ਇਸ ਪਟੀਸ਼ਨ ਉੱਤੇ ਸਾਈਨ ਕੀਤੇ ਜਾ ਚੁੱਕੇ ਸਨ।

ਇਗਰਜ਼ ਨੇ ਆਖਿਆ ਕਿ ਡਰ ਇਸ ਗੱਲ ਦਾ ਹੈ ਕਿ ਸਕੂਲਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਨਾ ਹੋਣ ਕਾਰਨ ਕਰੋਨਾਵਾਇਰਸ ਆਊਟਬ੍ਰੇਕਸ ਹੋ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਬੱਚਾ ਸਤੰਬਰ ਵਿੱਚ ਜੂਨੀਅਰ ਕਿੰਡਰਗਾਰਟਨ ਵਿੱਚ ਦਾਖਲ ਹੋਣ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਅਸੁਰੱਖਿਅਤ, ਗੈਰ-ਜ਼ਿੰਮੇਵਰਾਨਾ ਪਲੈਨ ਅਸੀਂ ਸਵੀਕਾਰ ਨਹੀਂ ਕਰ ਸਕਦੇ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਪ੍ਰੀਮੀਅਰ ਡੱਗ ਫੋਰਡ ਤੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇਸ ਸਤੰਬਰ ਵਿੱਚ ਪ੍ਰੋਵਿੰਸ ਭਰ ਵਿੱਚ ਐਲੀਮੈਂਟਰੀ ਵਿਦਿਆਰਥੀਆਂ ਦੇ ਫੁੱਲ ਟਾਈਮ ਸਕੂਲ ਪਰਤਣ ਦੀ ਯੋਜਨਾ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਵੱਡੇ ਸਕੂਲ ਬੋਰਡਜ਼ ਵਿੱਚ ਸੈਕੰਡਰੀ ਵਿਦਿਆਰਥੀਆਂ ਦੇ ਪਾਰਟ ਟਾਈਮ ਸ਼ਡਿਊਲ ਦਾ ਵੀ ਐਲਾਨ ਕੀਤਾ ਗਿਆ ਸੀ।

ਸਰਕਾਰ ਵੱਲੋਂ ਗ੍ਰੇਡ 4 ਦੇ ਵਿਦਿਆਰਥੀਆਂ ਲਈ ਲਾਜ਼ਮੀ ਫੇਸ ਮਾਸਕ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਨਾਲ ਹੀ ਐਜੂਕੇਟਰਜ਼, ਅਡੀਸ਼ਨਲ ਸਟਾਫ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਅਤੇ ਕਲੀਨਿੰਗ ਸਪਲਾਈਜ਼ ਉੱਤੇ ਸਰਕਾਰ ਨੇ 309 ਮਿਲੀਅਨ ਡਾਲਰ ਖਰਚਣ ਦਾ ਵੀ ਐਲਾਨ ਕੀਤਾ ਸੀ। ਪਰ ਕਲਾਸਾਂ ਦਾ ਆਕਾਰ ਘਟਾਉਣਾ ਸਰਕਾਰ ਦੀ ਯੋਜਨਾ ਦਾ ਹਿੱਸਾ ਨਹੀਂ ਸੀ।

**WAREHOUSE ORDER PICKER** (For a Food distribution company in Scarborough)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**

- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.

Please send your resumes by email at siva@srimi.com or by fax at +1 647-351-7157 or

Call Ram at +1 647-831-9149 (Morning) or Siva at +1 416-666-8525 (Evening).

# ਸਕੂਲਾਂ ਵਿੱਚ ਐਂਟੀ ਬਲੈਕ ਨਸਲਵਾਦ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਸੈਂਕੜੇ ਲੋਕਾਂ ਨੇ ਕੀਤਾ ਮਾਰਚ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਸਕੂਲਾਂ ਵਿੱਚ ਐਂਟੀ ਬਲੈਕ ਨਸਲਵਾਦ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਸੈਂਕੜੇ ਲੋਕਾਂ ਨੇ ਸੋਮਵਾਰ ਨੂੰ ਡਾਊਨਟਾਊਨ ਟੋਰਾਂਟੋ ਦੀਆਂ ਸੜਕਾਂ ਉੱਤੇ ਮਾਰਚ ਕੀਤਾ।



ਪੇਰੈਂਟਸ ਆਫ ਬਲੈਕ ਚਿਲਡਰਨ ਤੇ ਵਾਅਨ ਐਫਰੀਕਨ ਕੈਨੇਡੀਅਨ ਐਸੋਸਿਏਸ਼ਨ ਵੱਲੋਂ ਆਯੋਜਿਤ ਇਹ ਮਾਰਚ ਦੁਪਹਿਰੇ 2:00 ਵਜੇ ਨਥਾਨ ਫਿਲਿਪਜ਼ ਸਕੁਏਅਰ ਉੱਤੇ ਸ਼ੁਰੂ ਹੋਇਆ। ਫਿਰ ਯੂਨੀਵਰਸਿਟੀ ਐਵਨਿਊ ਤੋਂ ਹੁੰਦਾ ਹੋਇਆ ਇਹ ਮਾਰਚ ਕੁਈਨਜ਼ ਪਾਰਕ ਵੱਲ ਵਧਿਆ। ਇਸ ਦੌਰਾਨ ਲੋਕਾਂ ਨੇ- ਬਲੈਕ ਹੋਣ ਉਤੇ ਮਾਣ ਹੈ,ਨਸਲੀ ਸੋਚ ਰੱਖਣ ਵਾਲੇ ਅਧਿਆਪਕਾਂ ਨੂੰ ਜਾਣਾ ਹੋਵੇਗਾ, ਇਨਸਾਫ ਤੋਂ ਬਿਨਾਂ ਸ਼ਾਂਤੀ ਨਹੀਂ, ਬਲੈਕ ਯੂਥ ਮੈਟਰ, ਵਰਗੇ ਸਾਈਨ ਬੋਰਡ ਚੁੱਕੇ ਹੋਏ ਸਨ।

ਮਾਰਚ ਦੇ ਪ੍ਰਬੰਧਕਾਂ ਨੇ ਆਖਿਆ ਕਿ ਗ੍ਰੇਡ 9 ਵਿੱਚ ਐਕੇਡੈਮਿਕ ਸਕ੍ਰੀਨਿੰਗ ਖਤਮ ਕਰਨ ਤੇ ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਲਈ ਡਿਸਕ੍ਰੀਸ਼ਨਰੀ ਸਸਪੈਂਸ਼ਨ ਦੇ ਖਾਤਮੇ ਕਾਰਨ ਪ੍ਰਤੀਕਿਰਿਆ ਵਜੋਂ ਵੀ ਇਹ ਮਾਰਚ ਕੀਤਾ ਗਿਆ। ਪ੍ਰਬੰਧਕਾਂ ਨੇ ਆਖਿਆ ਕਿ ਭਾਵੇਂ ਇਹ ਤਬਦੀਲੀਆਂ ਕਾਰਗਰ ਹਨ ਪਰ ਇਹ ਬਹੁਤਾ ਚਿਰ ਨਹੀਂ ਚੱਲ ਸਕਣਗੀਆਂ।

ਇਸ ਦੌਰਾਨ ਲੋਕਾਂ ਨੇ ਐਜੂਕੇਸ਼ਨ ਐਕਟ ਵਿੱਚ ਸੋਧ ਕਰਕੇ ਬਲੈਕ ਹਿਸਟਰੀ ਨੂੰ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੀ ਮੰਗ ਵੀ ਕੀਤੀ। ਇਸ ਦੇ ਨਾਲ ਹੀ ਨਸਲੀ ਅਧਾਰ ਉੱਤੇ ਪੱਖਪਾਤ ਕਰਨ ਵਾਲੇ ਅਧਿਆਪਕਾਂ ਦੀ ਛੁੱਟੀ ਕਰਨ ਦੀ ਮੰਗ ਵੀ ਰੱਖੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON

Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience

# ਫਿਲਮੀ ਦੁਨੀਆਂ

## ਸਮਾਜ ਦੀ ਸੋਚ ਨੂੰ ਬਦਲਣ ਦੀ ਲੋੜ : ਸਯਾਨੀ ਗੁਪਤਾ

ਪਿਛਲੇ ਸਾਲ ਫਿਲਮ 'ਆਰਟੀਕਲ 15' ਵਿੱਚ ਆਈ ਸਯਾਨੀ ਗੁਪਤਾ ਨੇ ਸਾਲ 2015 'ਚ ਫਿਲਮ 'ਮਾਰਗ੍ਰੀਟਾ ਵਿਦ ਏ ਸਟ੍ਰਾਅ' ਵਿੱਚ ਪਾਕਿਸਤਾਨੀ-ਬੰਗਲਾਦੇਸ਼ੀ ਲੜਕੀ ਦੀ ਭੂਮਿਕਾ ਨਿਭਾ ਕੇ ਬਾਲੀਵੁੱਡ ਵਿੱਚ ਡੈਬਿਊ ਕੀਤਾ ਸੀ। ਮੂਲ ਤੌਰ 'ਤੇ ਕੋਲਕਾਤਾ ਦੀ ਸਯਾਨੀ ਗੁਪਤਾ ਨੂੰ ਬਚਪਨ ਤੋਂ ਹੀ ਅਭਿਨੈ ਦੀ ਇੱਛਾ ਸੀ, ਜਿਸ 'ਚ ਸਾਥ ਦਿੱਤਾ ਉਸ ਦੇ ਮਾਤਾ-ਪਿਤਾ ਨੇ। ਅੱਜਕੱਲ੍ਹ ਉਸ ਨੇ 'ਫਾਰ ਮੋਰ ਸ਼ਾਟ ਪਲੀਜ਼' ਅਤੇ 'ਇਨਸਾਈਡ ਏਜ਼' ਜਿਹੀ ਵੈੱਬ ਸੀਰੀਜ਼ ਲਈ ਖੂਬ ਵਾਹਵਾਹੀ ਖੱਟੀ ਹੈ। ਵੈੱਬ ਸੀਰੀਜ਼ 'ਚ ਮਿਲੀਆਂ ਆਪਣੀਆਂ ਭੂਮਿਕਾਵਾਂ ਤੋਂ ਉਹ ਬਹੁਤ ਖੁਸ਼ ਹੈ। ਪਿਛਲੇ ਮਹੀਨੇ ਉਸ ਦੀ ਫਿਲਮ 'ਐਕਸੋਨ' ਵੀ ਓ ਟੀ ਟੀ ਪਲੇਟਫਾਰਮ 'ਤੇ ਰਿਲੀਜ਼ ਹੋਈ ਸੀ। ਪੇਸ਼ ਹਨ ਸਯਾਨੀ ਨਾਲ ਗੱਲਬਾਤ ਦੇ ਕੁਝ ਅੰਸ਼ :

*ਆਪਣੀ ਪਿਛਲੀ ਫਿਲਮ 'ਐਕਸੋਨ' ਨੂੰ ਲੈ ਕੇ ਤੁਸੀਂ ਘਬਰਾਏ ਕਿਉਂ ਸੀ?

-ਇਸ ਫਿਲਮ ਵਿੱਚ ਮੈਂ ਮਣੀਪੁਰ ਦੀ 23 ਸਾਲਾਂ ਦੀ ਲੜਕੀ ਦਾ ਕਿਰਦਾਰ ਨਿਭਾਇਆ ਹੈ। ਮੈਂ ਖੁਸ਼ ਹਾਂ ਕਿ ਇਸ ਰੋਲ ਨੂੰ ਸਮੀਖਿਅਕਾਂ ਅਤੇ ਦਰਸ਼ਕਾਂ ਨੇ ਸਲਾਹਿਆ ਹੈ। ਮੈਂ ਬਹੁਤ ਖੁਸ਼ ਹਾਂ ਕਿ ਸਾਰਿਆਂ ਨੇ ਫਿਲਮ ਲਈ ਬਹੁਤ ਪਿਆਰ ਅਤੇ ਪ੍ਰਸ਼ੰਸਾ ਕੀਤੀ ਹੈ ਕਿਉਂਕਿ ਇਹ ਇੱਕ ਛੋਟੀ ਇੰਡੀਅਨ ਫਿਲਮ ਹੈ। ਸ਼ੂਟਿੰਗ ਦੇ ਬਾਅਦ ਮੈਂ ਆਪਣੇ ਪ੍ਰੋਜੈਕਟ ਦੇ ਕਲੋਜ਼ ਨਹੀਂ ਰਹਿੰਦੀ, ਪਰ 'ਐਕਸੋਨ' ਬਾਰੇ ਮੈਂ ਇਸ ਗੱਲ ਤੋਂ ਘਬਰਾਈ ਸੀ ਕਿ ਉੱਤਰ-ਪੂਰਬ ਦੇ ਲੋਕ ਕੀ ਕਹਿਣ-ਗੇ? ਮੇਰੇ ਵੱਲੋਂ ਚੁਣੀ ਗਈ ਇਹ ਫਿਲਮ ਬਹੁਤ ਜੋਖਿਮ ਭਰੀ ਸੀ ਇਸ ਲਈ ਮੇਰੇ ਮਨ 'ਚ ਫਿਲਮ ਨਾ ਚੱਲਣ ਦੇ ਵਿਚਾਰ ਵੀ ਕਈ ਵਾਰ ਆਏ, ਪਰ ਲੋਕਾਂ ਦੁਆਰਾ ਇਸ ਨੂੰ ਖੂਬ ਪਿਆਰ ਮਿਲਿਆ, ਮੈਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਵਧਾਈ ਸੰਦੇਸ਼ ਵੀ ਆਏ। ਮੈਂ ਸਾਰਿਆਂ ਦੀ ਧੰਨਵਾਦੀ ਹਾਂ।

* ਫਿਲਮਾਂ ਵਿੱਚ ਆਉਣਾ ਤੁਹਾਡੇ ਲਈ ਸੰਯੋਗ ਸੀ ਜਾਂ ਬਚਪਨ ਤੋਂ ਸੋਚਿਆ ਸੀ?

-ਮੈਂ ਬਚਪਨ ਤੋਂ ਅਭਿਨੇਤਰੀ ਬਣਨਾ ਚਾਹੁੰਦੀ ਸੀ। ਚਾਰ ਸਾਲ ਦੀ ਉਮਰ ਤੋਂ ਮੈਂ ਇਸ ਪਾਸੇ ਆਉਣ ਬਾਰੇ ਸੋਚਿਆ ਸੀ, ਪਰ ਮੇਰਾ ਪੂਰਾ ਪਰਵਾਰ ਸਿਖਿਆ ਦੇ ਖੇਤਰ ਵਿੱਚ ਹੈ। ਮੈਂ ਮਿਡਲ ਕਲਾਸ ਬੰਗਾਲੀ ਪਰਵਾਰ ਤੋਂ ਹਾਂ। ਐਕਟਿੰਗ ਕਰਨਾ ਹੀ ਮੇਰੇ ਲਈ ਵੱਡੀ ਗੱਲ ਸੀ। ਮੁੰਬਈ ਆ ਕੇ ਫਿਲਮਾਂ ਵਿੱਚ ਕੰਮ ਕਰਨ ਦੀ ਗੱਲ ਤਾਂ ਕੋਈ ਸੋਚ ਨਹੀਂ ਸਕਦਾ ਸੀ, ਪਰ ਮੇਰੇ ਪਿਤਾ ਮਿਊਜ਼ੀਸ਼ੀਅਨ ਅਤੇ ਆਰਟ ਲਵਰ ਰਹੇ। ਥੀਏਟਰ 'ਚ ਉਨ੍ਹਾਂ ਨੇ ਕੰਮ ਕੀਤਾ ਸੀ। ਜਦ ਮੈਂ ਇੱਕ ਸਾਲ ਅੱਠ ਮਹੀਨੇ ਦੀ ਸੀ ਉਦੋਂ ਮੇਰੀ ਮਾਂ ਨੇ ਮੈਨੂੰ ਡਾਂਸ ਸਕੂਲ ਵਿੱਚ ਪਾ ਦਿੱਤਾ ਸੀ। ਮੈਨੂੰ ਡਾਂਸ 'ਚ ਉਦੋਂ ਪਾਇਆ ਗਿਆ ਜਦੋਂ ਮੈਨੂੰ ਕੁਝ ਜ਼ਿਆਦਾ ਸਮਝ 'ਚ ਨਹੀਂ ਆਉਂਦਾ ਸੀ। ਥੀਏਟਰ ਤੋਂ ਮੈਂ ਪਹਿਲੀ ਪੇਸ਼ਕਾਰੀ ਉਦੋਂ ਦਿੱਤੀ ਜਦੋਂ ਮੈਂ ਸਿਰਫ ਤਿੰਨ ਸਾਲਾਂ ਦੀ ਸੀ ਅਤੇ ਮੈਨੂੰ ਅਭਿਨੈ ਦੇ ਬਾਰੇ ਕੋਈ ਜਾਣਕਾਰੀ ਨਹੀਂ ਸੀ।

* ਸੈਂਸਰ ਨਾ ਹੋਣ ਦੀ ਵਜ੍ਹਾ ਨਾਲ ਵੈੱਬ ਸੀਰੀਜ਼ 'ਚ ਕਾਮੁਕ ਸੀਨਸ ਅਤੇ ਹਿੰਸਾ ਭਰਪੂਰ ਪਰੋਸੀ ਜਾਂਦੀ ਹੈ। ਇਸ ਬਾਰੇ ਤੁਹਾਡੀ ਕੀ ਰਾਏ ਹੈ?

-ਇਹ ਵਿਅਕਤੀ ਦੀ ਪਸੰਦ 'ਤੇ ਨਿਰਭਰ ਕਰਦਾ ਹੈ ਕਿ ਉਹ ਕੀ ਦੇਖੇ ਅਤੇ ਕੀ ਨਾ ਦੇਖੇ। ਕਲਾਕਾਰ ਤਾਂ ਨਿਰਦੇਸ਼ਕ ਅਤੇ ਲੇਖਕ ਦੇ ਆਧਾਰ 'ਤੇ ਅਭਿਨੈ ਕਰਦਾ ਹੈ। ਕਹਾਣੀ ਦੇ ਗ੍ਰਾਫ ਤੇ ਚਰਿੱਤਰ ਨੂੰ ਜੇ ਸਟੀਕ ਨਾ ਦਿਖਾਇਆ ਤਾਂ ਵੈੱਬ ਸੀਰੀਜ਼ ਚੰਗੀ ਨਹੀਂ ਲੱਗਦੀ। ਸਿਰਫ ਵਪਾਰ ਲਈ ਲਈ ਸੈਕਸ ਹਿੰਸਾ ਆਦਿ ਨੂੰ ਦਿਖਾਇਆ ਜਾਣਾ ਸਹੀ ਨਹੀਂ। ਜੋ ਜ਼ਰੂਰੀ ਹੈ ਉਹ ਨਿਰਦੇਸ਼ਕ ਦਿਖਾਉਂਦਾ ਹੈ। ਸੈਂਸਰ ਬੋਰਡ ਪਾਸ ਨਹੀਂ ਕਰੇਗਾ, ਇਹ ਸੋਚ ਕੇ ਉਸ ਦੇ ਅਸੈਂਸ ਨੂੰ ਖਤਮ ਕਰ ਦਿੱਤਾ ਜਾਵੇ ਤਾਂ ਇਹ ਸਹੀ ਨਹੀਂ। ਕਹਾਣੀ ਦੇ ਅਨੁਸਾਰ ਕੁਝ ਵੀ ਦਿਖਾਉਣ 'ਤੇ ਦਰਸ਼ਕ ਵੀ ਉਸ ਨੂੰ ਸਹੀ ਮੰਨਦੇ ਹਨ। ਜਦੋਂ ਵਿਅਕਤੀ ਕਹਾਣੀ 'ਚ ਵੜਦਾ ਹੈ ਤਾਂ ਜੋ ਵੀ ਚੀਜ਼ ਪ੍ਰਮਾਣਿਕਤਾ ਦੇ ਅਨੁਸਾਰ ਹੁੰਦੀ ਹੈ ਉਸ ਨੂੰ ਦੇਖਣਾ ਪਸੰਦ ਕਰਦਾ ਹੈ।



* ਸੈਂਸਰ ਬੋਰਡ ਦੇ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ?


- ਕਿਸੇ ਵੀ ਆਰਟ 'ਚ ਸੈਂਸਰਸ਼ਿਪ ਇੱਕ ਸਮੱਸਿਆ ਹੈ। ਕ੍ਰਿਏਟਿਵ ਲੋਕਾਂ ਨੂੰ ਪੂਰੀ ਆਜ਼ਾਦੀ ਆਪਣੀ ਕਹਾਣੀ ਕਹਿਣ ਦੇ ਲਈ ਹੋਣੀ ਚਾਹੀਦੀ ਹੈ। ਦਰਸ਼ਕ ਹੀ ਦੱਸ ਸਕਦੇ ਹਨ ਕਿ ਕੀ ਸਹੀ, ਕੀ ਗਲਤ ਹੈ। ਕਿਸੇ ਵੀ ਆਰਟ ਦੇ ਲਈ ਸੈਂਸਰ ਸਮੱਸਿਆ ਹੈ। ਜੇ ਤੁਸੀਂ ਵੱਡਿਆਂ ਨਾਲ ਕਿਸੇ ਫਿਲਮ ਜਾਂ ਵੈੱਬ ਸੀਰੀਜ਼ ਨੂੰ ਦੇਖ ਨਹੀਂ ਸਕਦੇ ਤਾਂ ਕੋਈ ਤੁਹਾਨੂੰ ਇਸ ਨੂੰ ਦੇਖਣ ਲਈ ਫੋਰਸ ਨਹੀਂ ਕਰੇਗਾ। ਪੂਰੀ ਆਜ਼ਾਦੀ ਤੁਹਾਨੂੰ ਮਿਲੀ ਹੈ।

* ਅੱਗ ਕੀ ਕਰ ਰਹੇ ਹੋ?

- ਛੱਤੀਸਗੜ੍ਹ 'ਚ ਮੈਂ ਇੱਕ ਮਰਡਰ ਮਿਸਟਰੀ 'ਤੇ ਕਾਮੇਡੀ ਫਿਲਮ ਦੀ ਸ਼ੂਟਿੰਗ ਪੂਰੀ ਕੀਤੀ ਹੈ ਅਤੇ ਅੱਗੇ ਕਈ ਫਿਲਮਾਂ ਅਤੇ ਵੈੱਬ ਸੀਰੀਜ਼ ਕਰ ਰਹੀ ਹਾਂ। ਇੱਕ ਬੰਗਾਲੀ ਫਿਲਮ ਦੀ ਗੱਲ ਵੀ ਚੱਲ ਰਹੀ ਹੈ।

* ਕਿਸੇ ਫਿਲਮ ਦਾ ਸਫਲ ਹੋਣਾ ਤੁਹ-ਾਡੇ ਲਈ ਕੀ ਅਰਥ ਰੱਖਦਾ ਹੈ?

-ਕਿਸੇ ਫਿਲਮ ਨੂੰ ਸਾਈਨ ਕਰਦੇ ਸਮੇਂ ਤੁਸੀਂ ਉਸ ਦੀ ਸਫਲਤਾ 'ਤੇ ਧਿਆਨ ਨਹੀਂ ਦਿੰਦੇ, ਕਿਉਂਕਿ ਉਸ ਦੀ ਕਹਾਣੀ ਤੇ ਉਸ ਦਾ ਚਰਿੱਤਰ ਪਸੰਦ ਆਉਂਦਾ ਹੈ। ਉਸ ਪ੍ਰੋਸੈੱਸ ਵਿੱਚ ਪੂਰੀ ਟੀਮ ਕੰਮ ਕਰਦੀ ਹੈ। ਅਸੀਂ ਸਿਰਫ ਉਸ ਕਹਾਣੀ ਦਾ ਇੱਕ ਹਿੱਸਾ ਬਣਨਾ ਚਾਹੁੰਦੇ ਹਾਂ। ਇਸ ਵੈੱਬ ਸੀਰੀਜ਼ 'ਚ ਵੀ ਮੇਰੀ ਭੂਮਿਕਾ ਕ੍ਰਿਕਟ ਦੀ ਪੂਰੀ ਜਾਣਕਾਰੀ ਰੱਖਣ ਵਾਲੇ ਦੀ ਸੀ, ਜੋ ਮੇਰੇ ਕੋਲ ਨਹੀਂ ਸੀ। ਮੈਂ ਮਿਹਨਤ ਕਰ ਉਸ ਨੂੰ ਰੀਅਲ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਵਿੱਚ ਲੇਖਕ ਅਤੇ ਨਿਰਦੇਸ਼ਕ ਦਾ ਕਾਫੀ ਹੱਥ ਰਿਹਾ ਹੈ ਜਿਨ੍ਹਾਂ ਨੇ ਮੈਨੂੰ ਇਸ ਭੂਮਿਕਾ ਦੇ ਲਾਇਕ ਬਣਾਇਆ।



## ਵਿੱਕੀ ਦੀ ਯਸ਼ਰਾਜ ਨਾਲ ਅਗਲੀ ਕਾਮੇਡੀ ਫਿਲਮ ਨਵੰਬਰ ਵਿੱਚ ਹੋ ਸਕਦੀ ਹੈ ਸ਼ੁਰੂ

ਵਿੱਕੀ ਕੌਸ਼ਲ ਦੀ ਯਸ਼ਰਾਜ ਦੇ ਨਾਲ ਆਉਣ ਵਾਲੀ ਕਾਮੇਡੀ ਫਿਲਮ ਹਾਲ ਹੀ ਵਿੱਚ ਅਨਾਊਂਸ ਹੋਈ ਹੈ। ਸੁਣਨ ਵਿੱਚ ਆਇਆ ਹੈ ਕਿ ਇਸ ਫਿਲਮ ਦੀ ਸ਼ੂਟਿੰਗ ਨਵੰਬਰ ਤੋਂ ਸ਼ੁਰੂ ਹੋ ਜਾਏਗੀ ਅਤੇ ਵਿੱਕ ਨੇ ਇਸ ਦੇ ਲਈ ਤਿਆਰੀ ਵੀ ਸ਼ੁਰੂ ਕਰ ਦਿੱਤੀ ਹੈ।

ਫਿਲਮ ਨਾਲ ਜੁੜੇ ਇੱਕ ਟ੍ਰੈਂਡ ਪੰਡਿਤ ਦੇ ਅਨੁਸਾਰ ਇਸ ਫਿਲਮ ਵਿੱਚ ਵਿੱਕੀ ਨੂੰ ਆਦਿੱਤਯ ਚੋਪੜਾ ਨੇ ਭਰੋਸਾ ਕਰ ਕੇ ਇੱਕ ਅਜਿਹਾ ਰੋਲ ਦਿੱਤਾ ਹੈ, ਜੋ ਉਸ ਨੇ ਕਦੇ ਵੀ ਨਹੀਂ ਕੀਤਾ ਹੈ ਕਿਉਂਕਿ ਵਿੱਕੀ ਇੱਕ ਟੈਲੇਂਟਿਡ ਐਕਟਰ ਹੈ ਅਤੇ ਇਸ ਕਿਰਦਾਰ ਵਿੱਚ ਵਿੱਕੀ ਦਾ ਇੱਕ ਅਲੱਗ ਅਕਸ ਹੈ ਅਤੇ ਐਕਟਿੰਗ ਸਕਿਲ ਲੋਕਾਂ ਦੇ ਸਾਹਮਣੇ ਆਏਗੀ।

## ਰਾਕੇਸ਼ ਸ਼ਰਮਾ ਦਾ ਕਿਰਦਾਰ ਨਿਭਾਉਣਗੇ ਫਰਹਾਨ ਅਖਤਰ



ਫਰਹਾਨ ਅਖਤਰ ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਦਾ ਕਿਰਦਾਰ ਸਿਲਵਰ ਸਕਰੀਨ 'ਤੇ ਨਿਭਾਉਂਦੇ ਨਜ਼ਰ ਆ ਸਕਦੇ ਹਨ। ਰਾਕੇਸ਼ ਸ਼ਰਮਾ ਦੀ ਬਾਇਓਪਿਕ 'ਸਾਰੇ ਜਹਾਂ ਸੇ ਅੱਛਾ' ਬਣਾਏ ਜਾਣ ਦੀ ਚਰਚਾ ਕਾਫੀ ਸਮੇਂ ਤੋਂ ਹੋ ਰਹੀ ਹੈ। ਸ਼ਾਹਰੁਖ ਖਾਨ ਤੋਂ ਲੈ ਕੇ ਆਮਿਰ ਖਾਨ ਅਤੇ ਵਿੱਕ ਕੌਸ਼ਲ, ਸਾਰੇ ਸਿਤਾਰਿਆਂ ਨੂੰ ਲੈ ਕੇ ਚਰਚਾ ਹੋ ਚੁੱਕੀ ਹੈ ਕਿ ਉਹ ਇਸ ਫਿਲਮ ਵਿੱਚ ਲੀਡ ਰੋਲ ਨਿਭਾ ਸਕਦੇ ਹਨ, ਪਰ ਅਜਿਹਾ ਨਹੀਂ ਹੋਇਆ। ਅੱਗੋਂ ਕਿਹਾ ਜਾ ਰਿਹਾ ਹੈ ਕਿ ਇਸ ਫਿਲਮ ਵਿੱਚ ਫਰਹਾਨ ਅਖਤਰ, ਰਾਕੇਸ਼ ਸ਼ਰਮਾ ਦੀ ਭੂਮਿਕਾ ਨਿਭਾਉਣਗੇ। ਮੰਨਿਆ ਜਾ ਰਿਹਾ ਹੈ ਕਿ ਇਸ ਫਿਲਮ ਲਈ ਫਰਹਾਨ ਅਖਤਰ ਫਿਜ਼ੀਕਲ ਟ੍ਰਾਂਸਫਰਮੇਸ਼ਨ 'ਤੇ ਕੰਮ ਕਰ ਸਕਦੇ ਹਨ ਤੇ ਇੱਕ ਐਸਟ੍ਰੋਨਾਟ ਬਣਨ ਦੀ ਟਰੇਨਿੰਗ ਵੀ ਹਾਸਲ ਕਰ ਸਕਦੇ ਹਨ। ਇਸ ਤੋਂ ਪਹਿਲਾਂ ਵੀ ਫਰਹਾਨ ਫਿਲਮ 'ਭਾਗ ਮਿਲਖਾ ਭਾਗ' ਲਈ ਆਪਣੀ ਫਿਜ਼ਿਕ 'ਤੇ ਕੰਮ ਕਰ ਚੁੱਕੇ ਹਨ। ਗੌਰਤਲਬ ਹੈ ਕਿ ਰਾਕੇਸ਼ ਸ਼ਰਮਾ ਪਹਿਲੇ ਭਾਰਤੀ ਪੁਲਾੜੀ ਯਾਤਰੀ ਸਨ ਜਿਨ੍ਹਾਂ ਨੇ ਸਾਲ 1984 ਵਿੱਚ ਪੁਲਾੜ ਵਿੱਚ ਕਦਮ ਰੱਖਿਆ ਸੀ। ਰਾਕੇਸ਼ ਸ਼ਰਮਾ ਨੂੰ ਵੀਰਤਾ ਦੇ ਲਈ ਅਸ਼ੋਕ ਚੱਕਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ।

## ਪਹਿਲੀ ਫਿਲਮ ਲਈ ਦਿੱਤਾ ਸੀ ਇੱਕ ਮਹੀਨੇ ਤੱਕ ਐਡੀਸ਼ਨ : ਸਾਨਿਆ ਮਲਹੋਤਰਾ

ਹਰ ਕਲਾਕਾਰ ਲਈ ਉਸ ਦੀ ਪਹਿਲੀ ਫਿਲਮ ਖਾਸ ਹੁੰਦੀ ਹੈ। ਇਹੋ ਹੋਇਆ ਸੀ ਸਾਨਿਆ ਮਲਹੋਤਰਾ ਨਾਲ। ਉਹ ਪੰਜ ਫਿਲਮਾਂ ਕਰ ਚੁੱਕੀ ਹੈ। ਉਸ ਦੀ ਨਵੀਂ ਫਿਲਮ 'ਸ਼ਕੁੰਤਲਾ ਦੇਵੀ' ਅਮੇਜ਼ਨ ਪ੍ਰਾਈਮ ਵੀਡੀਓ 'ਤੇ ਰਿਲੀਜ ਹੋ ਚੁੱਕੀ ਹੈ। ਸਾਨਿਆ ਲਈ ਉਸ ਦੀ ਹਰ ਫਿਲਮ ਖਾਸ ਹੈ, ਪਰ ਪਹਿਲੀ ਫਿਲਮ 'ਦੰਗਲ' ਲਈ ਉਸ ਦੇ ਮਨ ਵਿੱਚ ਖਾਸ ਜਗ੍ਹਾ ਹੈ। ਸਾਨਿਆ ਨੇ ਇੰਸਟਾਗ੍ਰਾਮ ਲਾਈਵ ਦੌਰਾਨ ਦੱਸਿਆ ਕਿ ਉਸ ਨੂੰ 'ਦੰਗਲ' ਫਿਲਮ ਐਡੀਸ਼ਨ ਦੇਣ ਪਿੱਛੋਂ ਮਿਲੀ ਸੀ, ਪਰ ਇਹ ਐਡੀਸ਼ਨ ਉਨ੍ਹਾਂ ਐਡੀਸ਼ਨਾਂ ਵਾਂਗ ਨਹੀਂ ਸੀ, ਜਿਸ ਵਿੱਚ ਬੱਸ ਆ ਕੇ ਆਪਣੀ ਲਾਈਨਾਂ ਬੋਲ ਕੇ ਜਾਣਾ ਸੀ। 'ਦੰਗਲ' ਦਾ ਐਡੀਸ਼ਨ ਇੱਕ ਮਹੀਨੇ ਤੱਕ ਚੱਲਿਆ ਸੀ। ਸਾਨਿਆ ਦੱਸਦੀ ਹੈ ਕਿ ਐਡੀਸ਼ਨ ਵਿੱਚ ਸਾਨੂੰ ਸਿਰਫ ਐਕਟਿੰਗ ਨਹੀਂ ਕਰਨੀ ਸੀ, ਸਗੋਂ ਸਾਨੂੰ ਪਹਿਲਵਾਨੀ ਅਤੇ ਕੁਸ਼ਤੀ ਕਰ ਕੇ ਵੀ ਦਿਖਾਉਣੀ ਸੀ ਕਿ ਅਸੀਂ ਫਿਲਮ ਵਿੱਚ ਇਹ ਕਰ ਸਕਾਂਗੇ ਜਾਂ ਨਹੀਂ। ਉਸ ਦੀ ਅਗਲੀ ਫਿਲਮ 'ਲੁੱਡੋ' ਅਤੇ 'ਪਗਲੇਟ' ਹੋਵੇਗੀ। ਦੋਵਾਂ ਫਿਲਮਾਂ ਬਾਰੇ ਸਾਨਿਆ ਨੇ ਦੱਸਿਆ ਕਿ 'ਪਗਲੇਟ' ਦੀ ਸ਼ੂਟਿੰਗ ਲਖਨਊ ਵਿੱਚ ਜਨਵਰੀ ਵਿੱਚ ਪੂਰੀ ਹੋ ਗਈ ਸੀ। ਜਦ ਪੁੱਛਿਆ ਕਿ ਮਹਾਮਾਰੀ ਖਤਮ ਹੋਣ ਪਿੱਛੋਂ ਸਭ ਤੋਂ ਪਹਿਲਾਂ ਕਿੱਥੇ ਜਾਏਗੀ ਤਾਂ ਜਵਾਬ ਵਿੱਚ ਸਾਨਿਆ ਨੇ ਕਿਹਾ ਕਿ ਉਹ ਬਹੁਤ ਦਿਨਾਂ ਤੋਂ ਐਕਟਿੰਗ ਕਰਨਾ ਚਾਹ ਰਹੀ ਸੀ। ਜਦੋਂ ਸਭ ਕੁਝ ਠੀਕ ਹੋਵੇਗਾ, ਫਿਲਮ ਦੇ ਸੈੱਟ 'ਤੇ ਜਾ ਕੇ ਐਕਟਿੰਗ ਕਰਨਾ ਚਾਹੇਗੀ। ਫਿਲਮ 'ਸ਼ਕੁੰਤਲਾ ਦੇਵੀ' ਦੇ ਡਿਜੀਟਲ 'ਤੇ ਰਿਲੀਜ਼ ਹੋਣ ਬਾਰੇ ਉਹ ਕਹਿੰਦੀ ਹੈ ਕਿ ਇਹ ਪਹਿਲੀ ਵਾਰ ਹੋਵੇਗੀ ਕਿ ਮੈਂ ਆਪਣੀ ਫਿਲਮ ਇੱਕ ਦਰਸ਼ਕ ਦੀ ਤਰ੍ਹਾਂ ਬੈਠ ਕੇ ਦੇਖਣ ਵਾਲੀ ਹਾਂ।



## ਇੰਝ ਮਿਲੀ ਤਾਹਿਰ ਰਾਜ ਭਸੀਨ ਨੂੰ ਫਿਲਮ '83'

ਅਜਿਹੇ ਮੌਕੇ ਘੱਟ ਹੀ ਹੁੰਦੇ ਹਨ, ਜਦ ਇਕੱਠੇ ਕਈ ਅਹਿਮ ਫਿਲਮਾਂ ਦਾ ਹਿਸਾ ਬਣਨ ਦਾ ਮੌਕਾ ਕਲਾਕਾਰ ਨੂੰ ਮਿਲਦਾ ਹੈ। ਤਾਹਿਰ ਰਾਜ ਭਸੀਨ ਅੱਜਕੱਲ੍ਹ ਜੀਵਨ ਦੇ ਇਸੇ ਮੋੜ 'ਤੇ ਹਨ, ਜਿੱਥੇ ਉਨ੍ਹਾਂ ਦੀ ਕਰੀਅਰ ਬਦਲਾਅ 'ਚੋਂ ਲੰਘ ਰਿਹਾ ਹੈ। 'ਛਿਛੋਰੇ' ਵਿੱਚ ਡੇਰੇਕ ਦੀ ਭੂਮਿਕਾ ਨਿਭਾ ਚੁੱਕੇ ਤਾਹਿਰ ਦੇ ਲਈ ਇਹ ਫਿਲਮ ਲੱਕੀ ਸਾਬਿਤ ਹੋਈ। ਇਸ ਵੇਲੇ ਉਸ ਕੋਲ ਦੋ ਫਿਲਮਾਂ ਹਨ ਕਬੀਰ ਖਾਨ ਦੀ '83' ਅਤੇ 'ਲੂਪ ਲਪੇਟਾ'। 'ਲੂਪ ਲਪੇਟਾ' ਵਿੱਚ ਉਹ ਤਾਪਸੀ ਪੰਨੂ ਦੇ ਆਪੋਜ਼ਿਟ ਬਤੌਰ ਹੀਰੋ ਨਜ਼ਰ ਆਉਣਗੇ। ਫਿਲਮ '83' ਨਾਂਅ ਇਸ ਫਿਲਮ ਦੇ ਮਿਲਣ ਦੀ ਕਹਾਣੀ ਕਾਫੀ ਦਿਲਚਸਪ ਹੈ। ਤਾਹਿਰ ਦੱਸਦੇ ਹਨ ਕਿ ਸੰਯੋਗ ਨਾਲ ਕਬੀਰ ਖਾਨ ਦਾ ਆਫਿਸ ਅਤੇ ਨਿਤੇਸ਼ ਤਿਵਾੜੀ ਦਾ ਆਫਿਸ ਇੱਕੋ ਬਿਲਡਿੰਗ ਵਿੱਚ ਸੀ। ਜਦ ਕਬੀਰ ਸਰ '83' ਦੀ ਤਿਆਰੀ ਕਰ ਰਹੇ ਸਨ, ਉਸ ਵੇਲੇ ਮੈਂ 'ਛਿਛੋਰੇ' ਦੀ ਰਿਹਰਸਲ ਕਰ ਰਿਹਾ ਸੀ। ਅਸੀਂ ਕਈ ਵਾਰ ਇੱਕ ਦੂਸਰੇ ਦੇ ਆਹਮੋ-ਸਾਹਮਣੇ ਲੰਘੇ। ਬਾਅਦ ਵਿੱਚ ਮੇਰੀ ਉਨ੍ਹਾਂ ਨਾਲ ਮੁਲਾਕਾਤ ਕਾਸਟਿੰਗ ਡਾਇਰੈਕਟਰ ਮੁਕੇਸ਼ ਛਾਬੜਾ ਨੇ ਕਰਵਾਈ ਸੀ। ਮੁਕੇਸ਼ ਨੇ ਮੇਰੀ ਫਿਲਮ 'ਮੰਟੋ' ਦੇਖੀ ਸੀ, ਜਿਸ ਵਿੱਚ ਮੈਂ ਅਭਿਨੇਤਾ ਸ਼ਾਮ ਚੱਢਾ ਦਾ ਕਿਰਦਾਰ ਨਿਭਾਇਆ ਸੀ। ਕਬੀਰ ਸਰ ਨੇ ਮੈਨੂੰ ਸੁਨੀਲ ਗਾਵਸਕਰ ਦੇ ਕਿਰਦਾਰ ਦੇ ਬਾਰੇ ਗੱਲ ਕੀਤੀ। ਇਹ ਫਿਲਮ ਕ੍ਰਿਕਟ ਇਤਿਹਾਸ ਦੇ ਸਭ ਤੋਂ ਸ਼ਾਨਦਾਰ ਹਿੱਸੇ ਉੱਤੇ ਬਣ ਰਹੀ ਸੀ, ਅਜਿਹੇ ਵਿੱਚ ਇਸ ਫਿਲਮ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ। 'ਛਿਛੋਰੇ' ਦੀ ਸਫਲਤਾ ਨਾਲ 'ਲੂਪ ਲਪੇਟਾ' ਨਾਲ ਨਵਾਂ ਚੈਪਟਰ ਸ਼ੁਰੂ ਹੋ ਗਿਆ। ਜ਼ਿੰਦਗੀ ਵਿੱਚ ਏਦਾਂ ਦੇ ਮੌਕੇ ਵਾਰ-ਵਾਰ ਨਹੀਂ ਮਿਲਦੇ। '83' ਫਿਲਮ ਵਿੱਚ ਭਾਵੇਂ ਸਟਾਰਕ-ਾਸਟ ਲੰਬੀ-ਚੌੜੀ ਹੋਵੇ, ਪਰ ਇਹ ਗੱਲ ਖਾਸ ਮਾਇਨੇ ਰੱਖਦੀ ਹੈ ਕਿ ਪੂਰੀ ਟੀਮ ਦੇ ਨਾਲ ਮੈਂ ਆਪਣੇ ਕਿਰਦਾਰ ਨੂੰ ਕਿਸ ਤਰ੍ਹਾਂ ਨਿਭਾਇਆ ਹੈ। ਕਬੀਰ ਖਾਨ ਦੀ ਕ੍ਰਿਏਟਿਵ ਸੋਚ ਕਾਫੀ ਅਲੱਗ ਹੈ। ਉਹ ਤੁਹਾਨੂੰ ਆਪਣੀ ਕਾਬਲੀਅਤ ਦਿਖਾਉਣ ਦਾ ਪੂਰਾ ਮੌਕਾ ਦਿੰਦੇ ਹਨ।



NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

**ਜਦ ਹੋਰ ਵਧੇਰੇ ਕਾਰੋਬਾਰ ਅਤੇ ਸੇਵਾਵਾਂ ਖੁੱਲ੍ਹ ਰਹੇ ਹਨ,** ਅਤੇ ਸਮੂਹਕ ਇਕੱਤਰਤਾਵਾਂ ਨੂੰ ਵਧਾਕੇ 10 ਲੋਕਾਂ ਤੱਕ ਕਰ ਦਿੱਤਾ ਗਿਆ ਹੈ, ਤਾਂ ਸਾਡੇ ਸਾਰਿਆਂ ਵਾਸਤੇ ਇੱਕ ਦੂਜੇ ਦੀ ਰੱਖਿਆ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਾ ਲਾਜ਼ਮੀ ਹੈ।





**ਸਰੀਰਕ ਦੂਰੀ ਬਣਾਈ ਰੱਖਣ ਦੀ ਪਾਲਣਾ ਕਰੋ,** ਦੋ ਮੀਟਰ ਦੀ ਵਿੱਥ ’ਤੇ ਰਹੋ।



**ਜਦ ਸਰੀਰਕ ਦੂਰੀ ਬਣਾਈ ਰੱਖਣਾ ਇੱਕ ਚੁਣੌਤੀ** ਹੋਵੇ ਤਾਂ ਚਿਹਰੇ ਨੂੰ ਢਕਣ ਲਈ ਕੋਈ ਕਵਰ ਪਹਿਨੋ



ਆਪਣੇ ਹੱਥਾਂ ਨੂੰ **ਬਾਰ-ਬਾਰ** ਧੋਣਾ ਜਾਰੀ ਰੱਖੋ।



ਜੇ ਤੁਹਾਨੂੰ ਚਿੰਤਾ ਹੋ ਰਹੀ ਹੈ ਕਿ ਤੁਹਾਨੂੰ COVID-19 ਦੀ ਬਿਮਾਰੀ ਹੋ ਸਕਦੀ ਹੈ, ਜਾਂ ਤੁਹਾਡਾ ਵਾਇਰਸ ਨਾਲ ਸੰਪਰਕ ਹੋਇਆ ਹੋ ਸਕਦਾ ਹੈ ਤਾਂ **ਟੈਸਟ ਕਰਵਾਓ।**

**ਅੰਦਰ ਜਾਂ ਬਾਹਰ,** ਸੁਰੱਖਿਅਤ ਰਹੋ। ਜ਼ਿੰਦਗੀਆਂ ਬਚਾਓ।

ਵੇਖੋ **ontario.ca/coronavirus**
ਓਨਟਾਰੀਓ ਸਰਕਾਰ ਦੁਆਰਾ ਭੁਗਤਾਨਸ਼ੁਦਾ

Ontario

NEW

# BROOKPORT BUSINESS PARK WITHIN CENTREPORT CANADA

CENTREPORT™ CANADA

## FULLY SERVICED INDUSTRIAL LOTS AVAILABLE

Land in New Business Park in CentrePort Canada

BrookPort Business Park, RM of Rosser, Manitoba

*LOT PRICE PER ACRE










## BROOKPORT BUSINESS PARK PHASE II

## INDUSTRIAL LOTS AVAILABLE

BrookPort Business Park,
RM of Rosser, Manitoba

### PROPERTY SUMMARY

| | |
|---|---|
| LOT SIZES | 1.41-28.84 +/- ACRES (UP TO 23.5 CONTIGUOUS ACRES) |
| TOTAL SITE SIZE | 80 +/- ACRES |
| CONTACT AGENT | IAN CORBETT-204.688.7653 |
| ZONING I2 - | INDUSTRIAL GENERAL |

### FEATURES

- FULLY SERVICED INDUSTRIAL LOTS
- ASPHALT ROADS
- HYDRO, GAS, INTERNET / PHONE
- MUNICIPAL SEWER AND WATER
- DIRECT ACCESS TO MAJOR TRUCK ROUTES
- NO BUSINESS TAXES

### LOCATION

- NORTH AMERICA'S 20,000 ACRE INLAND PORT & FREE TRADE ZONE WITHIN RM ROSSER
- EXCELLENT FRONTAGE ON BROOKSIDE BLVD, FARMER ROAD & FUTURE CHIEF PEGUIS TRAIL
- 10 MINUTES FROM AIRPORT
- CONNECTIONS TO REGIONAL & INT. MARKET

MINUTES FROM INTERNATIONAL AIRPORT

CLOSE TO TRANSPORTATION ROUTES

PYLON & BUILDING SIGNAGE

EXCELLENT FRONTAGE



SATPAL SIDHU
PRESIDENT
204.960.0007

WHITELAND
WHITELAND DEVELOPERS

AMRITPAL JHAND
PRESIDENT
204.960.0006



Call: 1800-857-1424 Email:info@whitelanddevelopers.com